# ਨਿਆਇ ਦਰਸ਼ਨ ਵਿੱਚ ਤਰਕ ਪ੍ਰੰਪਰਾ



ਡਾ. ਗੁਰਨਾਮ ਸਿੰਘ
ਸਹਾਇਕ ਪੋਫੈਸਰ
ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ,
(ਬਠਿੰਡਾ)।
+91 88472-82812

ਭਾਰਤੀ ਖਟ ਦਰਸ਼ਨ ਪਰੰਪਰਾ ਅੰਦਰ ਨਿਆਇ ਦਰਸ਼ਨ ਦਾ ਤੀਜਾ ਪ੍ਰਮੁੱਖ ਸਥਾਨ ਹੈ। ਸੰਪੂਰਨ ਤਰਕਸ਼ੀਲ ਦਰਸ਼ਨ ਹੋਣ ਕਰਕੇ ਇਸ ਨੂੰ ਤਰਕ ਸ਼ਾਸਤਰ ਵੀ ਕਿਹਾ ਜਾਂਦਾ ਹੈ। ਵੈਦਿਕ ਧਰਮ ਦੇ ਸਰੂਪ ਦੀ ਖੋਜ ਲਈ ਨਿਆਇ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਨਿਆਇ ਦਰਸ਼ਨ ਦਾ ਮੁੱਖ ਵਿਸ਼ਾ 'ਨਿਆਇ' (ਤਰਕ) ਦੀ ਪੇਸ਼ਕਾਰੀ ਹੈ। ਪ੍ਰਮਾਣਾਂ ਦੀ ਸਹਾਇਤਾ ਨਾਲ ਪਦਾਰਥ ਦੇ ਤੱਤਾਂ ਦੀ ਪ੍ਰੀਖਿਆ ਕਰਨ, ਪ੍ਰਮਾਣਾਂ ਦੇ ਸਰੂਪ ਦਾ ਵਰਣਨ ਕਰਨ ਅਤੇ ਪ੍ਰੀਖਿਆ ਪ੍ਰਣਾਲੀ ਦਾ ਵਿਵਹਾਰਿਕ ਰੂਪ ਪ੍ਰਗਟ ਕਰਨ ਕਰਕੇ ਹੀ ਇਹ ਦਰਸ਼ਨ ਨਿਆਇ ਦਰਸ਼ਨ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਵਿਦਵਾਨ ਕਿਸੇ ਖਾਸ ਵਿਸ਼ੇ-ਵਿਚਾਰ ਜਾਂ ਸ਼ਾਸਤਰਾਰਥ ਨੂੰ 'ਵਾਦ' ਆਖਦੇ ਹਨ। ਇਸ ਲਈ ਸ਼ਾਸਤਰਾਰਥ ਵਿੱਚ ਉਪਯੋਗੀ ਹੋਣ ਕਰਕੇ ਇਸ ਦਰਸ਼ਨ ਨੂੰ ਵਾਦ ਵਿਦਿਆ ਜਾਂ ਤਰਕਸ਼ਾਸਤਰ ਵੀ ਕਿਹਾ ਜਾਂਦਾ ਹੈ। ਪ੍ਰਮਾਣਾਂ ਦੁਆਰਾ ਪਦਾਰਥ ਨੂੰ ਸਿੱਧ ਕਰਕੇ ਸੱਚ ਦੀ ਵਿਆਖਿਆ ਕਰਨੀ ਅਤੇ ਪ੍ਰਮਾਣਾਂ ਦੀ ਉਪਯੋਗਿਤਾ ਨੂੰ ਸਾਰਥਕ ਰੂਪ ਵਿੱਚ ਪੇਸ਼ ਕਰਨਾ ਹੀ ਨਿਆਇ ਦਰਸ਼ਨ ਦਾ ਮੁੱਖ ਉਦੇਸ਼ ਹੈ। ਹੱਥਲੇ ਖੋਜ ਪੱਤਰ ਵਿੱਚ ਨਿਆਇ ਦਰਸ਼ਨ ਵਿੱਚ ਪੇਸ਼ ਪ੍ਰਮਾਣ ਮੀਮਾਂਸਾ ਨੂੰ ਚਰਚਾ ਦਾ ਆਧਾਰ ਬਣਾਇਆ ਹੈ। ਸਮੁੱਚੇ ਦਰਸ਼ਨ ਦਾ ਅੱਧੇ ਤੋਂ ਜਿਆਦਾ ਹਿੱਸਾ ਪ੍ਰਮਾਣ ਦੇ ਸਰੂਪ ਅਤੇ ਉਸਦੇ ਪ੍ਰਯੋਜਨ ਦੀ ਪੇਸ਼ਕਾਰੀ ਕਰਦਾ ਹੈ।

ਨਿਆਇ ਦਰਸ਼ਨ ਦੇ ਪਹਿਲੇ ਸੂਤਰ ਅੰਦਰ ਜਿਨ੍ਹਾਂ 16 ਪਦਾਰਥਾਂ ਦਾ ਜ਼ਿਕਰ ਆਉਂਦਾ ਹੈ, ਉਨ੍ਹਾਂ ਅੰਦਰ ਪ੍ਰਮੇਯ (ਸੱਚਾ ਗਿਆਨ) ਦੇ ਅੰਤਰਗਤ ਬਾਕੀ ਸੰਸ਼ਯ ਆਦਿ ਸਾਰੇ ਪਦਾਰਥਾਂ ਦਾ ਉਪਯੋਗ ਕੇਵਲ ਪ੍ਰਮਾਣ ਨੂੰ ਸਿੱਧ ਕਰਨ ਅਤੇ ਇਸਦੇ ਨਿਰਦੋਸ਼ ਸਰੂਪ ਨੂੰ ਪੇਸ਼ ਕਰਨ ਲਈ ਕੀਤਾ ਗਿਆ ਹੈ। ਪ੍ਰਮੇਯ ਵੀ ਪ੍ਰਮਾਣਾਂ ਦੇ ਸਰੂਪ ਨੂੰ ਨਿਖਾਰਨ ਵਿੱਚ ਉਸਦਾ ਸਹਿਯੋਗੀ ਹੈ। ਪ੍ਰਮਾ ਦੇ ਸਾਧਨ ਨੂੰ ਪ੍ਰਮਾਣ ਆਖਦੇ ਹਨ। ਪ੍ਰਮਾਣਾਂ ਦੀ ਸਾਰਥਿਕਤਾ ਜਾਂ ਸਫਲਤਾ ਤਦ ਹੀ ਸੰਭਵ ਹੈ, ਜੇਕਰ ਉਸਦੇ ਦੁਆਰਾ ਪੇਸ਼ ਕੀਤਾ ਅਰਥ ਆਪਣੇ ਅਸਲ ਸਰੂਪ ਵਿੱਚ ਪਾਇਆ ਜਾਂਦਾ ਹੈ। ਇਸ ਪ੍ਰਕਾਰ ਪ੍ਰਮਾਣਾਂ ਦੀ ਸਹਾਇਤਾ ਦੁਆਰਾ ਤੱਤ ਗਿਆਨ ਦੀ ਪ੍ਰਾਪਤੀ ਹੀ ਨਿਆਇ ਦਾ ਮੁੱਖ ਸੰਕਲਪ ਹੈ।

**ਪ੍ਰਮਾਣ:** ਯਥਾਰਥ ਅਨੁਭਵ ਦੇ ਸਾਧਨ ਨੂੰ ਪ੍ਰਮਾਣ ਆਖਦੇ ਹਨ- प्रमीयते अनेनेति प्रमाणम्”[i] ਭਾਵ: ਜਿਨ੍ਹਾਂ ਦੁਆਰਾ ਪ੍ਰਮਾ ਜਾਂ ਯਥਾਰਥ ਅਨੁਭਵ ਦੀ ਉਤਪੱਤੀ ਹੁੰਦੀ ਹੈ।



www.khojnama.com khojnamapb03@gmail.com

ਉਸ ਨੂੰ ਪ੍ਰਮਾਣ ਕਹਿੰਦੇ ਹਨ। ਪ੍ਰਮਾਣ ਪਦ ਦਾ ਅਰਥ ਹੈ- ਪ੍ਰਮਾ ਦਾ ਸਾਧਨ। ਵੈਦਿਕ ਸਾਹਿਤ ਅੰਦਰ 'ਪ੍ਰਮਾ' ਪਦ ਦਾ ਪ੍ਰਯੋਗ "यतासीमानाप"[ii] ਆਦਿ ਅਰਥ ਵਿੱਚ ਹੋਇਆ ਹੈ। ਇਸ ਨਾਲ ਹਰੇਕ ਸੀਮਿਤ ਪਦਾਰਥ, ਇਸ ਪਦ ਦੇ ਬੋਧ ਅਰਥ ਦੀ ਸੀਮਾ ਅੰਦਰ ਆ ਜਾਂਦਾ ਹੈ। ਇੰਞ ਧਰਤੀ ਆਕਾਸ਼ ਅਤੇ ਹੋਰ ਸਾਰੇ ਲੋਕ-ਲੋਕਾਂਤਰ ਵੀ ਪ੍ਰਮਾ ਹਨ। ਇਹ ਸਾਰਾ ਵਿਸ਼ਵ ਜਿਸ ਅਚਿੰਤਨ ਸ਼ਕਤੀ ਦੁਆਰਾ ਹੋਂਦ ਗ੍ਰਹਿਣ ਕਰਦਾ ਹੈ, ਜੀਵਤ ਅਤੇ ਸਥਿਤ ਹੈ ਅਤੇ ਅਵਿਅਕਤ ਦਸ਼ਾ ਤੋਂ ਉੱਭਰ ਕੇ ਆਪਣੀ ਇਸ ਵਿਅਕਤ ਦਸ਼ਾ ਵਿੱਚ ਆਉਂਦਾ ਹੈ। ਉਹ ਸ਼ਕਤੀ ਪ੍ਰਮਾਣ ਪਦ ਦੀ ਬੋਧਿਕ ਹੈ। ਪ੍ਰਮਾ ਚਾਰ ਪ੍ਰਕਾਰ ਦੀ ਹੈ, ਇਸੇ ਲਈ ਪ੍ਰਮਾਣਾਂ ਦੀ ਗਿਣਤੀ ਵੀ ਚਾਰ ਹੈ। ਪ੍ਰਮਾਣ ਸਾਧਨ ਹੈ ਅਤੇ ਪ੍ਰਮਾ ਉਨ੍ਹਾਂ ਦਾ ਫਲ ਹੈ। ਪ੍ਰਤੱਖ ਪ੍ਰਮਾ ਦੇ ਕਾਰਨ ਨੂੰ ਪ੍ਰਤੱਖ ਪ੍ਰਮਾਣ, ਅਨੁਮਿਤੀ ਪ੍ਰਮਾ ਦੇ ਕਾਰਨ ਨੂੰ ਅਨੁਮਾਨ ਪ੍ਰਮਾਣ, ਉਪਮਿਤੀ ਪ੍ਰਮਾ ਦੇ ਕਾਰਨ ਨੂੰ ਉਪਮਾਨ ਅਤੇ ਸ਼ਬਦ ਪ੍ਰਮਾ ਦੇ ਕਾਰਨ ਨੂੰ ਸ਼ਬਦ ਪ੍ਰਮਾਣ ਕਿਹਾ ਜਾਂਦਾ ਹੈ।

त्यक्षानुमानोपमानशब्दाः प्रमाणानि ॥[iii]

**1. ਪ੍ਰਤੱਖ ਪ੍ਰਮਾਣ:** ਇੰਦ੍ਰੀਆਂ ਅਤੇ ਵਿਸ਼ੇ ਦੇ ਸੰਯੋਗ ਤੋਂ ਪੈਦਾ ਹੋਇਆ ਗਿਆਨ ਪ੍ਰਤੱਖ ਗਿਆਨ ਹੈ। ਨਿਆਇ ਸੂਤਰਾਂ ਅੰਦਰ ਗੌਤਮ ਇਸ ਦਾ ਇੰਞ ਜ਼ਿਕਰ ਕਰਦਾ ਹੈ:-

न्द्रियार्थसन्निकर्षोत्पन्नं ज्ञानमव्यपदेश्यमव्यभिचारि व्यवसायात्मकं
प्रत्यक्षम् ॥[iv]

ਭਾਵ ਉਹ ਗਿਆਨ ਪ੍ਰਤੱਖ ਹੈ, ਜੋ ਇੰਦ੍ਰੀਆਂ ਅਤੇ ਅਰਥ ਦੇ ਸੰਯੋਗ ਨਾਲ ਪੈਦਾ ਹੁੰਦਾ ਹੈ, ਪਰੰਤੂ ਉਹ ਬੇਦਾਗ, ਨੈਤਿਕ ਅਤੇ ਨਿਸ਼ਚੇਆਤਮਕ ਹੋਣਾ ਚਾਹੀਦਾ ਹੈ।

अक्षस्याक्षस्य प्रतिविषयं वृतिः प्रत्यक्षम्[v]

'अक्ष' ਪਦ ਇੰਦ੍ਰੀ ਦਾ ਵਾਚਕ ਹੈ, ਹਰ ਇੰਦ੍ਰੀ ਦਾ ਆਪਣੇ ਵਿਸ਼ੇ ਨਾਲ ਸੰਬੰਧ ਸਥਾਪਿਤ ਕਰਨ ਦੀ ਸਮਰੱਥਾ ਹੀ ਪ੍ਰਤੱਖ ਪ੍ਰਮਾਣ ਹੈ। ਜਿਵੇਂ ਅੱਖਾਂ ਨਾਲ ਘੜੇ ਦਾ ਸੰਪਰਕ ਹੋਣ ਤੇ ਘੜੇ ਦਾ ਗਿਆਨ ਹੋ ਜਾਂਦਾ ਹੈ। ਇਹੀ ਪ੍ਰਤੱਖ ਗਿਆਨ ਅਖਵਾਉਂਦਾ ਹੈ। ਆਤਮਾ ਅੰਦਰ ਪ੍ਰਤੱਖ ਗਿਆਨ ਪੈਦਾ ਹੋਣ ਲਈ ਤਿੰਨ ਪ੍ਰਕਾਰ ਦੇ ਸੰਬੰਧਾਂ ਦੀ ਲੋੜ ਪੈਂਦੀ ਹੈ। ਇਹ ਸੰਬੰਧ ਆਤਮਾ ਦਾ ਮਨ ਨਾਲ, ਮਨ ਦਾ ਇੰਦ੍ਰੀ ਨਾਲ ਅਤੇ ਇੰਦ੍ਰੀ ਦਾ ਵਿਸ਼ੇ ਨਾਲ ਹੁੰਦਾ ਹੈ। ਘੜੇ ਦੀ ਉਦਾਹਰਣ ਲੈਂਦੇ ਹਾਂ:- ਸਭ ਤੋਂ ਪਹਿਲਾਂ ਅੱਖਾਂ ਦਾ ਘੜੇ ਨਾਲ ਸੰਬੰਧ ਸਥਾਪਿਤ ਹੁੰਦਾ

ਹੈ। ਘੜਾ ਵਿਸ਼ਾ ਹੈ ਅਤੇ ਅੱਖ ਇੰਦ੍ਰੀ ਫਿਰ ਇੰਦ੍ਰੀ ਦਾ ਸੰਬੰਧ ਮਨ ਨਾਲ ਸਥਾਪਿਤ ਹੁੰਦਾ ਹੈ। ਇੱਥੇ ਤੱਕ ਪਹੁੰਚਣ ਤੇ ਵੀ ਘੜੇ ਦਾ ਗਿਆਨ ਨਹੀਂ ਹੁੰਦਾ, ਜਦੋਂ ਤੱਕ ਮਨ ਆਤਮਾ ਨਾਲ ਜੁੜਿਆ ਹੋਇਆ ਨਾ ਹੋਵੇ। ਜੇਕਰ ਮਨ ਦਾ ਧਿਆਨ ਕਿਸੇ ਹੋਰ ਪਾਸੇ ਹੋਵੇ ਤਾਂ ਇੰਦ੍ਰੀ ਨਾਲ ਸੰਯੋਗ ਹੋਣ ਤੇ ਵੀ ਘੜੇ ਦਾ ਪ੍ਰਤੱਖ ਦਰਸ਼ਨ ਨਹੀਂ ਹੁੰਦਾ। ਅੰਤਿਮ ਦਸ਼ਾ ਅੰਦਰ ਮਨ ਅਤੇ ਆਤਮਾ ਦਾ ਸੰਯੋਗ ਬਹੁਤ ਜਰੂਰੀ ਹੈ। ਇਸ ਪ੍ਰਕਾਰ ਤਿੰਨ ਪ੍ਰਕਾਰ ਦੇ ਸੰਬੰਧਾਂ ਤੋਂ ਬਿਨ੍ਹਾਂ ਪ੍ਰਤੱਖ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ ਹੁੰਦੀ। ਸਿਰਫ ਪ੍ਰਤੱਖ ਗਿਆਨ ਦੀ ਪ੍ਰਾਪਤੀ ਲਈ ਹੀ ਤਿੰਨ ਪ੍ਰਕਾਰ ਦੇ ਸੰਬੰਧਾਂ ਦੀ ਜਰੂਰਤ ਪੈਂਦੀ ਹੈ, ਬਾਕੀਆਂ ਲਈ ਬਸ ਮਨ ਅਤੇ ਆਤਮਾ ਦਾ ਸੰਯੋਗ ਹੀ ਜਿਆਦਾ ਮਹੱਤਵਪੂਰਨ ਹੈ।

**1.1 ਪ੍ਰਤੱਖ ਦੇ ਭੇਦ:** ਪ੍ਰਤੱਖ ਪ੍ਰਮਾਣ ਦੇ ਭੇਦਾਂ ਬਾਰੇ ਨਿਆਇ ਸੂਤਰਾਂ ਅੰਦਰ ਕੋਈ ਵਿਵਰਣ ਪੇਸ਼ ਨਹੀਂ ਕੀਤਾ ਗਿਆ। ਸੂਤਰਾਂ ਅੰਦਰ ਪ੍ਰਤੱਖ ਪ੍ਰਮਾਣ ਲਈ ਤਿੰਨ ਵਿਸ਼ੇਸ਼ਣਾਂ ਦਾ ਜ਼ਿਕਰ ਕੀਤਾ ਗਿਆ ਮਿਲਦਾ ਹੈ, ਜੋ ਇਸ ਪ੍ਰਕਾਰ ਹਨ:- ਅਵਯਪਦੇਸ਼, ਜਿਸਦਾ ਸ਼ਬਦ ਦੁਆਰਾ ਬੋਧ ਨਾ ਕਰਾਇਆ ਜਾ ਸਕੇ। 'ਵਯਪਦੇਸ਼' ਦਾ ਅਰਥ ਹੈ ਕਥਨ ਕਰਨਾ, ਸ਼ਬਦ ਦੁਆਰਾ ਕਿਸੇ ਅਰਥ ਦਾ ਬੋਧ ਕਰਵਾਉਣਾ। ਉਦਾਹਰਣ ਵਜੋ:- ਇੱਕ ਵਿਅਕਤੀ ਮਿਠਾਈ ਖਾਂਦਾ ਹੈ ਤਾਂ ਉਸ ਨੂੰ ਮਿਠਾਈ ਵਿੱਚੋਂ ਮਿਠਾਸ ਦਾ ਜੋ ਅਨੁਭਵ ਪ੍ਰਾਪਤ ਹੁੰਦਾ ਹੈ, ਉਹ ਕਿਸੇ ਦੂਜੇ ਵਿਅਕਤੀ ਨੂੰ ਸ਼ਬਦਾਂ ਰਾਹੀਂ ਉਸ ਮਿਠਾਸ ਦਾ ਅਨੁਭਵ ਨਹੀਂ ਕਰਵਾ ਸਕਦਾ। ਇਸੀ ਕਾਰਨ ਉਪਭੋਗਤਾ ਦਾ ਉਹ ਪ੍ਰਤੱਖ ਗਿਆਨ ਅਵਯਪਦੇਸ਼ ਹੈ, ਭਾਵ ਸ਼ਬਦ ਦੁਆਰਾ ਅਬੋਧ। ਜੇਕਰ ਉਹ ਸ਼ਬਦ ਦੁਆਰਾ ਬੋਧ ਹੁੰਦਾ ਤਾਂ ਮਿਠਾਸ ਸ਼ਬਦ ਕਹਿਣ ਮਾਤਰ ਨਾਲ ਹੀ ਦੂਜੇ ਵਿਅਕਤੀ ਨੂੰ ਵੀ ਉਸ ਦਾ ਅਨੁਭਵ ਹੋ ਜਾਂਦਾ। ਸੋ ਜਿਸਦਾ ਸ਼ਬਦ ਦੁਆਰਾ ਬੋਧ ਨਾ ਹੋਵੇ ਉਹ ਅਵਯਪਦੇਸ਼ ਹੈ।

1.2 **ਅਵਯਭਿਚਾਰੀ:**- ਇਹ ਪ੍ਰਤੱਖ ਦਾ ਦੂਜਾ ਵਿਸ਼ੇਸ਼ਣ ਹੈ। ਪਦਾਰਥ ਨੂੰ ਲੈ ਕੇ ਭਰਮ ਉਤਪੰਨ ਹੋ ਜਾਣਾ ਵਯਭਿਚਾਰ ਹੈ। ਇੰਦ੍ਰੀ ਅਤੇ ਅਰਥ ਦੇ ਸੰਯੋਗ ਨਾਲ ਪੈਦਾ ਹੋਇਆ ਗਿਆਨ ਹੀ ਪ੍ਰਤੱਖ ਗਿਆਨ ਦੀ ਕੋਟੀ ਵਿੱਚ ਆਉਂਦਾ ਹੈ, ਜੋ ਕਿ ਭਰਮ ਤੋਂ ਮੁਕਤ ਹੁੰਦਾ ਹੈ। ਭਰਮਯੁਕਤ ਗਿਆਨ ਪ੍ਰਤੱਖ ਦੀ ਕੋਟੀ ਵਿੱਚ ਨਹੀਂ ਆਉਂਦਾ। ਉਦਾਹਰਣ ਵਜੋਂ:- ਹਨ੍ਹੇਰੇ ਵਿੱਚ ਪਈ ਰੱਸੀ ਸੱਪ ਦਾ ਭਰਮ ਪੈਦਾ ਕਰ ਦਿੰਦੀ ਹੈ, ਇਹੀ ਵਯਭਿਚਾਰ ਗਿਆਨ ਹੈ। ਪ੍ਰਕਾਸ਼ ਹੋਣ ਤੇ ਜਦ ਭਰਮ ਖਤਮ ਹੋ ਜਾਂਦਾ ਹੈ ਤਾਂ ਸੱਪ ਤੇ ਰੱਸੀ ਵਿਚਲਾ ਭੇਦ ਵੀ

ਸਪੱਸ਼ਟ ਹੋ ਜਾਂਦਾ ਹੈ। ਉਹ ਗਿਆਨ ਜੋ ਭਰਮ ਰਹਿਤ ਹੁੰਦਾ ਹੈ, ਉਸ ਨੂੰ ਅਵਯਭਿਚਾਰੀ ਗਿਆਨ ਆਖਦੇ ਹਨ। ਜਿਹੜਾ ਗਿਆਨ ਭਰਮ ਤੋਂ ਮੁਕਤ ਹੋਵੇਗਾ, ਉਹੀ ਪ੍ਰਤੱਖ ਪ੍ਰਮਾਣ ਮੰਨਿਆ ਜਾਂਦਾ ਹੈ।

1.3 **ਵਯਵਸਾਯਾਤਮਕ ਵਿਸ਼ੇਸ਼ਣ:** ਇਹ ਪ੍ਰਤੱਖ ਦਾ ਤੀਸਰਾ ਵਿਸ਼ੇਸ਼ਣ ਹੈ। ਇਸਦਾ ਅਰਥ ਹੈ, ਕਿਰਿਆ ਦਾ ਪੂਰਨ ਰੂਪ ਵਿੱਚ ਸੰਪੰਨ ਹੋ ਜਾਣਾ। ਗਿਆਨ ਦੇ ਵਿਸ਼ੇ ਵਿੱਚ ਕਿਰਿਆ ਦੀ ਸੰਪੰਨਤਾ 'ਨਿਸ਼ਚੇ' ਉੱਪਰ ਹੁੰਦੀ ਹੈ ਭਾਵ ਗਿਆਨ ਦਾ ਸੰਦੇਹ ਰਹਿਤ ਹੋਣਾ। ਉਦਾਹਰਣ ਵਜੋਂ:- ਕੋਈ ਵਪਾਰੀ ਆਪਣੇ ਨਾਲ ਮੋਟੀ ਰਕਮ ਲੈ ਕੇ ਤੁਰਿਆ ਜਾ ਰਿਹਾ ਹੈ। ਰਾਹ ਵਿੱਚ ਘੁਸਮੁਸਾ ਅਤੇ ਸੁੰਨਸਾਨ ਹੋਣ ਕਾਰਨ ਥੋੜੀ ਦੂਰੀ ਤੇ ਉਸ ਨੂੰ ਕੁੱਝ ਖੜ੍ਹਾ ਦਿਖਾਈ ਦਿੰਦਾ ਹੈ। ਵਪਾਰੀ ਨੂੰ ਸਮਝ ਨਹੀਂ ਆਉਂਦੀ ਕਿ ਸਾਮ੍ਹਣੇ ਕੋਈ ਵਿਅਕਤੀ ਖੜ੍ਹਾ ਹੈ ਜਾਂ ਕੋਈ ਲੱਕੜੀ ਦਾ ਮੋਛਾ ਗੱਡਿਆ ਹੋਇਆ ਹੈ। ਘੁਸਮੁਸਾ ਹੋਣ ਕਾਰਨ ਵਸਤੂ ਦੇ ਵਿਸ਼ੇਸ਼ ਗੁਣ (ਹੱਥ, ਪੈਰ ਅਤੇ ਮੂੰਹ ਆਦਿ) ਦਿਖਾਈ ਨਹੀਂ ਦਿੰਦੇ ਪਰੰਤੂ ਜੋ ਦੋਹਾਂ ਦੇ ਸਮਾਨ ਗੁਣ (ਉੱਚਾ, ਲੰਮਾ, ਉਤਰਾਅ-ਚੜ੍ਹਾਅ ਆਦਿ) ਹਨ, ਉਹ ਦਿਖਾਈ ਦੇ ਰਹੇ ਹਨ। ਇਸ ਨਾਲ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਅੱਗੇ ਜਾਵੇ ਕਿ ਨਾ ਜਾਵੇ। ਮਤਾਂ ਕਿਤੇ ਕੋਈ ਚੋਰ ਈ ਹੋਵੇ। ਇਹ ਨਿਸ਼ਚੇ ਨਾ ਕਰ ਸਕਣਾ ਪ੍ਰਤੱਖ ਦੀ ਕੋਟੀ ਵਿੱਚ ਨਹੀਂ ਆਉਂਦਾ। ਇੰਦ੍ਰੀ ਦਾ ਜੇਕਰ ਸਿੱਧਾ ਸੰਬੰਧ ਵਿਸ਼ੇ ਨਾਲ ਹੁੰਦਾ ਤਾਂ ਇਹ ਸਪੱਸ਼ਟ ਹੋਣਾ ਸੀ ਕਿ ਅੱਗੇ ਕੋਈ ਵਿਅਕਤੀ ਹੈ ਜਾਂ ਲੱਕੜ ਦਾ ਮੋਛਾ ਹੈ। ਇਸੇ ਪ੍ਰਕਾਰ ਜਦੋਂ ਇੰਦ੍ਰੀ ਨੂੰ ਵਿਸ਼ੇ ਦਾ ਪ੍ਰਤੱਖ ਗਿਆਨ ਹੁੰਦਾ ਹੈ ਤਾਂ ਉਹ ਨਿਸ਼ਚੇਆਤਮਕ ਹੁੰਦਾ ਹੈ। ਨਿਸ਼ਚੇਆਤਮਕ ਗਿਆਨ ਹੀ ਪ੍ਰਤੱਖ ਦਾ ਵਯਵਸਾਯਾਤਮਕ ਵਿਸ਼ੇਸ਼ਣ ਹੈ।

ਇਨ੍ਹਾਂ ਤਿੰਨਾਂ ਵਿਸ਼ੇਸ਼ਣਾਂ ਦਾ ਜ਼ਿਕਰ ਨਿਆਇ ਸੂਤਰਾਂ ਅੰਦਰ ਪ੍ਰਾਪਤ ਹੁੰਦਾ ਹੈ। ਪਰੰਤੂ ਪ੍ਰਤੱਖ ਦੀ ਇੱਕ ਵੱਖਰੀ ਕਲਪਨਾ ਵਾਚਸਪੱਤੀ ਮਿਸ਼ਰ ਦੁਆਰਾ 'ਤਾਤਪਰਯ ਟੀਕਾ' ਵਿੱਚ ਕੀਤੀ ਪ੍ਰਾਪਤ ਹੁੰਦੀ ਹੈ। ਉਸਨੇ ਪ੍ਰਤੱਖ ਦੇ ਅਵਯਪਦੇਸ਼ ਅਤੇ ਵਯਵਸਾਯਾਤਮਕ ਪਦਾਂ ਨੂੰ ਲੈ ਕੇ ਪ੍ਰਤੱਖ ਦੇ ਦੋ ਭੇਦਾਂ ਦਾ ਜ਼ਿਕਰ ਕੀਤਾ ਹੈ। ਇਹ ਭੇਦ ਹਨ- ਨਿਰਵਿਕਲਪ ਅਤੇ ਸਵਿਕਲਪ। ਪਰੰਤੂ ਨਿਆਇ ਦੇ ਟੀਕੇ ਅਤੇ ਵਾਰਤਿਕ ਅੰਦਰ ਇਨ੍ਹਾਂ ਭੇਦਾਂ ਨੂੰ ਲੈ ਕੇ ਕੋਈ ਵਿਵਰਣ ਪ੍ਰਾਪਤ ਨਹੀਂ ਹੁੰਦਾ। ਕੁਮਾਰਿਲ ਨੇ ਸ਼ਲੋਕਵਾਰਤਿਕ ਅੰਦਰ ਇਨ੍ਹਾਂ ਦੋਹਾਂ ਪ੍ਰਕਾਰ ਦੇ ਭੇਦਾਂ ਦੀ ਵਰਤੋਂ ਬੁੱਧ ਮਤ ਦੇ ਖੰਡਨ ਲਈ ਕੀਤੀ ਹੈ।

1.4. **ਨਿਰਵਿਕਲਪ:** ਦੂਰ ਖੜ੍ਹੀ ਕਿਸੇ ਵਸਤੂ ਦਾ ਜਦੋਂ ਪਹਿਲਾਂ ਪਹਿਲ ਗਿਆਨ ਹੁੰਦਾ ਹੈ ਤਾਂ ਉਸਦੀ ਜਾਤੀ, ਨਾਮ, ਗੁਣ ਅਤੇ ਉਸਦੀ ਕਿਰਿਆ ਬਾਰੇ ਅਸੀਂ ਬਿਲਕੁੱਲ ਅਨਜਾਣ ਹੁੰਦੇ ਹਾਂ। ਇਹੀ ਨਾਮ, ਜਾਤੀ ਅਤੇ ਗੁਣ ਬਿਹੂਣੇ ਪ੍ਰਤੱਖ ਗਿਆਨ ਨੂੰ ਨਿਰਵਿਕਲਪ ਆਖਦੇ ਹਨ।

1.5. **ਸਵਿਕਲਪ:** ਨਿਰਵਿਕਲਪ ਦੇ ਉੱਲਟ ਜਦੋਂ ਅਸੀਂ ਕਿਸੇ ਵਸਤੂ ਦੇ ਨਾਮ, ਰੰਗ, ਗੁਣ, ਜਾਤੀ ਅਤੇ ਕਿਰਿਆ ਦਾ ਸਾਨੂੰ ਗਿਆਨ ਹੋ ਜਾਂਦਾ ਹੈ ਤਾਂ ਉਹ ਸਵਿਕਲਪ ਪ੍ਰਤੱਖ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ।

ਪ੍ਰਤੱਖ ਦੇ ਦੋ ਹੋਰ ਭੇਦ ਵੀ ਮੰਨੇ ਜਾਂਦੇ ਹਨ- ਲੌਕਿਕ ਅਤੇ ਅਲੌਕਿਕ ਪ੍ਰਤੱਖ। ਲੌਕਿਕ ਪ੍ਰਤੱਖ ਵੀ ਦੋ ਪ੍ਰਕਾਰ ਦਾ ਹੁੰਦਾ ਹੈ- ਬਾਹਰੀ ਅਤੇ ਅੰਦਰੂਨੀ। ਬਾਹਰੀ ਪ੍ਰਤੱਖ ਅੰਦਰ ਪੰਜ ਗਿਆਨ ਇੰਦ੍ਰੀਆਂ ਹੁੰਦੀਆਂ ਹਨ (ਅੱਖਾਂ, ਨੱਕ. ਕੰਨ, ਜੀਭ ਅਤੇ ਚਮੜੀ) ਅਤੇ ਅੰਦਰੂਨੀ ਪ੍ਰਤੱਖ ਵਿੱਚ ਕੇਵਲ ਮਨ ਹੀ ਹੁੰਦਾ ਹੈ।

ਅਲੌਕਿਕ ਪ੍ਰਤੱਖ ਦੇ ਤਿੰਨ ਭੇਦ ਹੁੰਦੇ ਹਨ- ਸਾਮਾਨਯ ਲੱਛਣ, ਗਿਆਨ ਲੱਛਣ ਅਤੇ ਯੋਗਜ। ਇੱਕੋ ਜਿਹੇ ਲੱਛਣਾਂ ਵਾਲੇ ਵਿਸ਼ੇ ਸਾਮਾਨਯ ਲੱਛਣ ਅਖਵਾਉਂਦੇ ਹਨ। ਜਿਵੇਂ ਅੱਗ ਦਾ ਧੂੰਆਂ ਅਤੇ ਬੱਦਲਾਂ ਦਾ ਧੂੰਆਂ ਆਦਿ। ਇਸੇ ਪ੍ਰਕਾਰ ਵਿਸ਼ੇ ਦੇ ਗ਼ੈਰ ਹਾਜ਼ਰ ਹੋਣ ਤੇ ਵੀ ਉਸਦੀ ਹਾਜ਼ਰੀ ਦਾ ਅਹਿਸਾਸ ਹੋਣਾ ਗਿਆਨ ਲੱਛਣ ਅਲੌਕਿਕ ਪ੍ਰਤੱਖ ਪ੍ਰਮਾਣ ਹੈ। ਜਿਵੇਂ:- ਫੁੱਲਾਂ ਦੇ ਹਾਜ਼ਰ ਨਾ ਹੋਣ ਤੇ ਵੀ ਉਨ੍ਹਾਂ ਦੀ ਖੁਸ਼ਬੂ ਸਾਨੂੰ ਫੁੱਲਾਂ ਦੇ ਹੋਣ ਦਾ ਅਹਿਸਾਸ ਕਰਵਾ ਦਿੰਦੀ ਹੈ। ਤੀਸਰਾ ਹੈ ਯੋਗਜ, ਸੂਖਮ, ਛੁਪੀ ਹੋਈ ਅਤੇ ਬਹੁਤ ਦੂਰ ਪਈ ਵਸਤੂ, ਜਿਸਦਾ ਪ੍ਰਤੱਖ ਦਰਸ਼ਨ ਸੰਭਵ ਨਾ ਹੋਵੇ ਪਰੰਤੂ ਅਨੁਭਵ ਹੁੰਦਾ ਹੋਵੇ। ਧਿਆਨ (ਸਮਾਧੀ) ਦੀ ਸਹਾਇਤਾ ਦੁਆਰਾ ਇਨ੍ਹਾਂ ਵਸਤਾਂ ਦਾ ਗਿਆਨ ਹਾਸਿਲ ਕਰ ਲੈਣਾ ਯੋਗਜ ਅਲੌਕਿਕ ਸੰਬੰਧ ਹੈ।

1.6. **ਸੰਯੋਗ:** ਜਿਵੇਂ ਕਿ ਪਿੱਛੇ ਜ਼ਿਕਰ ਕੀਤਾ ਗਿਆ ਹੈ ਕਿ ਪ੍ਰਮਾਣ ਪ੍ਰਮਾ ਦਾ ਸਾਧਨ ਹੈ। ਕਿਸੇ ਵੀ ਵਸਤੂ ਜਾਂ ਵਿਸ਼ੇ ਦੇ ਅਰਥ ਨੂੰ ਜਾਨਣ ਲਈ ਇੰਦ੍ਰੀਆਂ ਦਾ ਮਨ ਅਤੇ ਆਤਮਾ ਨਾਲ ਸੰਯੋਗ ਹੋਣਾ ਜਰੂਰੀ ਹੈ। ਇੰਦ੍ਰੀਆਂ ਪੰਜ ਹਨ- ਅੱਖ, ਨੱਕ, ਕੰਨ, ਜੀਭ ਅਤੇ ਚਮੜੀ। ਇਨ੍ਹਾਂ ਦਾ ਦ੍ਰਵ ਨਾਲ ਮੇਲ ਹੋਣ ਤੇ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇੰਦ੍ਰੀਆਂ ਦਾ ਇਹ ਸੰਯੋਗ ਛੇ ਪ੍ਰਕਾਰ ਦਾ ਹੁੰਦਾ ਹੈ- 1. ਸੰਯੋਗ 2. ਸੰਯੁਕਤਸਮਵਾਯ 3. ਸੰਯੁਕਤ-ਸਮਵੇਤ-

ਸਮਵਾਯ 4. ਸਮਵਾਯ 5. ਸ਼ਮਵੇਤ-ਸਮਵਾਯ ਅਤੇ 6. ਵਿਸ਼ੇਸ਼´ਵਿਸ਼ੇਸ਼ਯਭਾਵ। ਕਿਸ ਅਰਥ ਦੇ ਪ੍ਰਤੱਖ ਲਈ ਕਿਹੜਾ ਸੰਯੋਗ ਜਰੂਰੀ ਹੈ, ਉਹ ਇਸ ਪ੍ਰਕਾਰ ਹਨ।

1. ਸੰਯੋਗ- ਦ੍ਰਵ (ਪਦਾਰਥ ਅਤੇ ਵਿਸ਼ੇ) ਦੇ ਪ੍ਰਤੱਖ ਲਈ।

2. ਸੰਯੁਕਤ-ਸਮਵਾਯ- ਗੁਣ, ਕਰਮ ਅਤੇ ਦ੍ਰਵਯਗਤ ਜਾਤੀ ਦੇ ਪ੍ਰਤੱਖ ਲਈ।

3. ਸੰਯੁਕਤ-ਸਮਵੇਤ-ਸਮਵਾਯ- ਗੁਣ ਸਮਵੇਤ ਅਤੇ ਕਰਮ ਸਮਵੇਤ ਜਾਤੀ ਦੇ ਪ੍ਰਤੱਖ ਲਈ।

4. ਸਮਵਾਯ- ਸ਼ਬਦ ਦੇ ਪ੍ਰਤੱਖ ਲਈ।

5. ਸ਼ਮਵੇਤ-ਸਮਵਾਯ- ਸ਼ਬਦਗਤ ਜਾਤੀ ਦੇ ਪ੍ਰਤੱਖ ਲਈ।

6. ਵਿਸ਼ੇਸ਼ਣਤਾ- ਅਭਾਵ ਦੇ ਪ੍ਰਤੱਖ ਲਈ।

ਇੰਦ੍ਰੀਆਂ ਦੇ ਇਨ੍ਹਾਂ ਸੰਯੋਗਾਂ ਨੂੰ ਉਦਾਹਰਣ ਰਾਹੀਂ ਸਮਝਣ ਦਾ ਯਤਨ ਕਰਦੇ ਹਾਂ- ਮੰਨ ਲਉ ਸਾਡੇ ਸਾਮ੍ਹਣੇ ਟੇਬਲ ਪਿਆ ਹੈ। ਜਦੋਂ ਅਸੀਂ ਅੱਖਾਂ ਨਾਲ ਟੇਬਲ ਨੂੰ ਦੇਖਦੇ ਹਾਂ ਤਾਂ ਇਹ ਪਹਿਲੀ ਕਿਸਮ ਦਾ ਸੰਯੋਗ ਹੈ, ਇੰਦ੍ਰੀ ਦਾ ਵਿਸ਼ੇ ਨਾਲ ਸੰਯੋਗ। ਇਸ ਤੋਂ ਬਾਅਦ ਟੇਬਲ ਦੇ ਰੂਪ ਦਾ ਗਿਆਨ ਹੁੰਦਾ ਹੈ, ਇਹ ਪ੍ਰਤੱਖ ਹੁੰਦਾ ਹੈ ਸੰਯੁਕਤ-ਸਮਵਾਯ ਕਾਰਨ। ਕਿਉਂਕਿ ਅੱਖ ਦਾ ਸੰਯੋਗ ਟੇਬਲ ਨਾਲ ਹੁੰਦਾ ਹੈ, ਇੱਥੇ ਰੂਪ ਸਮਵਾਯ ਸੰਬੰਧ ਮੌਜੂਦ ਹੈ। ਇਸ ਤੋਂ ਬਾਅਦ ਲਾਲ ਰੰਗ ਦਾ ਪ੍ਰਤੱਖ ਹੁੰਦਾ ਹੈ, ਸੰਯੁਕਤ-ਸਮਵੇਤ-ਸਮਵਾਯ ਸੰਬੰਧ ਦੁਆਰਾ, ਕਿਉਂਕਿ ਅੱਖ ਨਾਲ ਦੇਖਿਆਂ ਟੇਬਲ ਅਤੇ ਉਸਦਾ ਰੂਪ ਸੰਯੁਕਤ ਰੂਪ ਵਿੱਚ ਨਜ਼ਰ ਆਉਂਦੇ ਹਨ। ਰੰਗਾਂ ਦੀ ਜਾਤੀ 'ਚੋਂ ਟੇਬਲ ਦਾ ਲਾਲ ਰੰਗ, ਦੂਸਰਾ ਸਮਵਾਯ ਸੰਬੰਧ ਹੋਣ ਕਾਰਨ ਇਹ ਸੰਯੁਕਤ-ਸਮਵੇਤ-ਸਮਵਾਯ ਸੰਬੰਧ ਹੈ। ਸ਼ਬਦ ਜਦੋਂ ਕੰਨਾਂ ਦੁਆਰਾ ਸੁਣਿਆ ਜਾਂਦਾ ਹੈ ਤਾਂ ਕੇਵਲ ਸਮਵਾਯ ਸੰਯੋਗ ਹੁੰਦਾ ਹੈ, ਕਿਉਂਕਿ ਕੰਨ ਆਕਾਸ਼ ਦਾ ਗੁਣ ਹੈ। ਇਸ ਅੰਦਰ ਸ਼ਬਦ ਦੀ ਸਥਿਤੀ ਸਮਵਾਯ ਸੰਬੰਧ ਦੁਆਰਾ ਹੀ ਹੁੰਦੀ ਹੈ। ਸ਼ਬਦ ਗੁਣ ਹੈ ਅਤੇ ਕੰਨ ਗੁਣੀ (ਸ਼ਬਦ ਗ੍ਰਹਿਣ ਕਰਨ ਵਾਲਾ) ਗੁਣ ਅਤੇ ਗੁਣੀ ਦਾ ਸੰਬੰਧ ਸਮਵਾਯ ਹੁੰਦਾ ਹੈ। ਸ਼ਬਦ ਦੇ ਅੰਦਰ ਸ਼ਬਦ ਵਿੱਚ ਰਹਿਣ ਵਾਲੀ ਜਾਤੀ (ਸ਼ਬਦਤਵ) ਦਾ ਪ੍ਰਤੱਖ ਸਮਵੇਤ-ਸਮਵਾਯ ਤੋਂ ਹੁੰਦਾ ਹੈ। ਕੰਨ ਨਾਲ ਸੰਬੰਧਤ ਸ਼ਬਦ ਵਿੱਚ ਸ਼ਬਦਤਵ ਜਾਤੀ ਹੋਣ ਕਾਰਨ ਸਮਵਾਯ ਸੰਬੰਧ ਨਾਲ ਹੀ ਰਹਿੰਦਾ ਹੈ। ਜਦੋਂ ਕਿਤੇ

ਅਭਾਵ ਦਾ ਪ੍ਰਤੱਖ ਹੁੰਦਾ ਹੈ ਤਾਂ ਵਿਸ਼ੇਸ਼ਣਤਾ ਸੰਯੋਗ ਹੁੰਦਾ ਹੈ। ਉਦਾਹਰਣ ਵਜੋਂ- ਮੰਨ ਲਉ ਸਾਮ੍ਹਣੇ ਪਿੰਡ ਦਾ ਛੱਪੜ ਸੀ, ਜਿਸ ਨੂੰ ਪੂਰ ਕੇ ਹੁਣ ਖੇਤ ਬਣਾ ਲਏ ਗਏ। ਹੁਣ ਜਦੋਂ ਵੀ ਪਿੰਡ ਵਾਸੀ ਉਥੋਂ ਲੰਘਦੇ ਹਨ ਤਾਂ ਉਹ ਛੱਪੜ ਦੀ ਅਣਹੋਂਦ ਨੂੰ ਮਹਿਸੂਸ ਕਰਦੇ ਹਨ। ਇਸ ਪ੍ਰਕਾਰ ਇੰਦ੍ਰੀਆਂ ਦਾ ਇਹ ਛੇ ਪ੍ਰਕਾਰ ਦਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ।

2. **ਅਨੁਮਾਨ ਪ੍ਰਮਾਣ:** ਕਿਸੇ ਵਿਸ਼ੇ (ਹੇਤੂ) ਦੇ ਗਿਆਨ ਨਾਲ ਉਸ ਵਿਸ਼ੇ (ਹੇਤੂ) ਨੂੰ ਧਾਰਨ ਕਰਨ ਵਾਲੀ ਵਸਤੂ ਦਾ ਗਿਆਨ ਪ੍ਰਾਪਤ ਕਰਨਾ ਅਨੁਮਾਨ ਪ੍ਰਮਾਣ ਅਖਵਾਉਂਦਾ ਹੈ। ਜਿਵੇਂ ਕਿ- ਧੂੰਏ ਨੂੰ ਦੇਖ ਕੇ ਅੱਗ ਦਾ ਅਨੁਮਾਨ ਲਗਾਉਣਾ ਜਾਂ ਬੱਦਲਾਂ ਨੂੰ ਦੇਖ ਕੇ ਮੀਂਹ ਦਾ ਅਨੁਮਾਨ ਲਗਾਉਣਾ ਆਦਿ ਅਨੁਮਾਨ ਪ੍ਰਮਾਣ ਦੁਆਰਾ ਹੀ ਸਿੱਧ ਹੁੰਦਾ ਹੈ। ਨਿਆਇ ਸ਼ਾਸਤਰ ਅੰਦਰ ਗੌਤਮ ਨੇ ਅਨੁਮਾਨ ਦੇ ਤਿੰਨ ਭੇਦ ਦੱਸੇ ਹਨ- ਪੂਰਵਵਤ ਅਨੁਮਾਨ, ਸ਼ੇਸ਼ਵਤ ਅਨੁਮਾਨ ਅਤੇ ਸਾਮਾਨਯਤੋਦ੍ਰਿਸ਼ਟ ਅਨੁਮਾਨ। ਪ੍ਰਤੱਖ ਤੇ ਅਨੁਮਾਨ ਦੇ ਭੇਦਾਂ ਦਾ ਉਦੋਤਕਰ ਨੇ ਵੀ 'ਨਿਆਇਵਾਰਤਿਕ' ਅੰਦਰ ਜ਼ਿਕਰ ਕੀਤਾ ਹੈ। 1. ਪ੍ਰਤੱਖ ਮੁੱਖ ਰੂਪ ਵਿੱਚ ਇੱਕ ਹੀ ਪ੍ਰਕਾਰ ਦਾ ਹੁੰਦਾ ਹੈ, ਜਦਕਿ ਅਨੁਮਾਨ ਵੱਖ-ਵੱਖ ਪ੍ਰਕਾਰ ਦਾ ਹੁੰਦਾ ਹੈ। 2. ਪ੍ਰਤੱਖ ਵਰਤਮਾਨ ਕਾਲ ਅੰਦਰ ਦ੍ਰਿਸ਼ਟਾ ਦੇ ਸਾਮ੍ਹਣੇ ਮੌਜੂਦ ਪਦਾਰਥ ਦੇ ਵਿਸ਼ੇ ਵਿੱਚ ਹੀ ਹੋ ਸਕਦਾ ਹੈ। ਪਰੰਤੂ, ਅਨੁਮਾਨ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਨਾਲ ਸੰਬੰਧਤ ਵਸਤੂਆਂ ਦੇ ਵਿਸ਼ੇ ਵਿੱਚ ਹੋ ਸਕਦਾ ਹੈ। 3. ਵਸਤੂ ਅਤੇ ਉਸਦੇ ਗੁਣਾਂ (ਸਾਧਨਾਂ) ਨੂੰ ਯਾਦ ਰੱਖਣਾ ਅਨੁਮਾਨ ਲਈ ਜਰੂਰੀ ਸਾਧਨ ਹੈ। ਪ੍ਰਤੱਖ ਨੂੰ ਅਜਿਹੇ ਕਿਸੇ ਸਾਧਨ ਉੱਪਰ ਨਿਰਭਰ ਰਹਿਣ ਦੀ ਲੋੜ ਨਹੀਂ ਹੁੰਦੀ। (ਨਿਆਇ- ਵਾਰਤਕ: 1/1/4)

**ਅਨੁਮਾਨ ਦੇ ਭੇਦ:** ਨਿਆਇ ਸੂਤਰਾਂ ਅੰਦਰ ਅਨੁਮਾਨ ਦੇ ਤਿੰਨ ਭੇਦ ਦੱਸੇ ਗਏ ਹਨ- ਪੂਰਵਵਤ, ਸ਼ੇਸ਼ਵਤ ਅਤੇ ਸਾਮਾਨਯਤੋਦ੍ਰਿਸ਼ਟ ਅਨੁਮਾਨ।

अथ तत्पूर्वकं त्रिविधमनुमानम्-पूर्ववत् शेषवत् सामान्यतोदृष्टं च ॥५॥

ਅਨੁਮਾਨ ਦੇ ਤਿੰਨਾਂ ਭਾਗਾਂ ਨੂੰ ਲੈ ਕੇ ਨਿਆਇ ਸੂਤਰਾਂ ਦੇ ਟੀਕਾਕਾਰਾਂ ਅੰਦਰ ਗਹਿਰਾ ਮੱਤਭੇਦ ਹੈ। ਪੂਰਵ ਅਤੇ ਸ਼ੇਸ਼ ਮੀਮਾਂਸਾ ਦੇ ਪਰਿਭਾਸ਼ਿਕ ਸ਼ਬਦ ਹਨ। ਵਿਦਵਾਨਾਂ ਅਨੁਸਾਰ ਅਨੁਮਾਨ ਦੇ ਇਹ ਭੇਦ ਮੀਮਾਂਸਕਾਂ ਦੀ ਹੀ ਕਲਪਨਾ ਪ੍ਰਤੀਤ ਹੁੰਦੇ ਹਨ। ਨਿਆਇਕਾਂ ਨੇ ਇਸ ਨੂੰ ਗ੍ਰਹਿਣ ਕਰਕੇ ਇਸਦੇ ਮੁੱਖ ਅਰਥਾਂ ਵਿੱਚ ਪਰਿਵਰਤਨ ਜਰੂਰ ਕੀਤਾ ਹੈ। ਮੀਮਾਂਸਾ ਵਿੱਚ ਪੂਰਵ ਦਾ ਪ੍ਰਯੋਗ 'ਪ੍ਰਧਾਨ' ਅਤੇ ਸ਼ੇਸ਼ ਦਾ 'ਅੰਗ' ਲਈ ਕੀਤਾ

ਜਾਂਦਾ ਹੈ। ਪਰ, ਨਿਆਇਕਾਂ ਨੇ ਪ੍ਰਧਾਨ ਅਤੇ ਅੰਗ ਦੀ ਥਾਂ ਕਾਰਨ-ਕਾਰਜ ਭਾਵ ਲਈ ਇਸਦੀ ਵਰਤੋਂ ਕੀਤੀ ਹੈ। ਟੀਕਾਕਾਰ ਵਾਤਸਾਯਨ ਦੇ ਮੱਤ ਅਨੁਸਾਰ ਜਦੋਂ ਕਾਰਨ ਤੋਂ ਕਾਰਜ ਦਾ ਅਨੁਮਾਨ ਕੀਤਾ ਜਾਂਦਾ ਹੈ ਤਦ ਪੂਰਵਵਤ ਅਤੇ ਜਦੋਂ ਕਾਰਜ ਤੋਂ ਕਾਰਨ ਦਾ ਅਨੁਮਾਨ ਕੀਤਾ ਜਾਂਦਾ ਹੈ ਤਾਂ ਸ਼ੇਸ਼ਵਤ ਅਨੁਮਾਨ ਹੁੰਦਾ ਹੈ।

2.1. **ਪੂਰਵਵਤ ਅਨੁਮਾਨ:** ਇਹ ਪਦ 'मतुप्' ਅਗੇਤਰ ਅਤੇ 'वति' ਅਗੇਤਰ ਦੋਵੇਂ ਤਰ੍ਹਾਂ ਨਾਲ ਸੰਪੂਰਨ ਹੁੰਦਾ ਹੈ। ਪੂਰਵ ਪਦ ਇੱਥੇ 'ਕਾਰਨ' ਦਾ ਬੋਧਕ ਹੈ, ਕਿਉਂਕਿ ਕਾਰਨ ਹਮੇਸ਼ਾਂ ਕਾਰਜ ਤੋਂ ਪਹਿਲਾਂ ਮੌਜੂਦ ਰਹਿੰਦਾ ਹੈ। ਪਹਿਲੇ ਅਗੇਤਰ ਅਨੁਸਾਰ ਅਰਥ ਹੋਵੇਗਾ 'ਕਾਰਨ ਵਾਲਾ' ਭਾਵ ਜਿੱਥੇ ਕਾਰਨ ਤੋਂ ਕਾਰਜ ਦਾ ਅਨੁਮਾਨ ਹੋਵੇ। ਅਨੁਮਾਨ ਦਾ ਇਹ ਪ੍ਰਕਾਰ ਪੂਰਵਵਤ ਅਨੁਮਾਨ ਅਖਵਾਉਂਦਾ ਹੈ। ਜਿਵੇਂ ਗੂੜ੍ਹੇ ਕਾਲੇ ਬੱਦਲਾਂ ਨੂੰ ਦੇਖ ਕੇ ਤੇਜ ਮੀਂਹ ਦਾ ਅਨੁਮਾਨ ਕਰਨਾ। ਇੱਥੇ ਬੱਦਲ ਕਾਰਨ ਹਨ ਅਤੇ ਮੀਂਹ ਕਾਰਜ। ਪੂਰਵਵਤ ਦੇ ਅਰਥਾਂ ਦਾ ਇੱਕ ਪ੍ਰਕਾਰ ਹੋਰ ਵੀ ਹੈ। ਇਸ ਅਰਥ ਦੇ ਅਨੁਸਾਰ ਪੂਰਵਵਤ ਪਦ 'ਤੁਲਣਾ' ਦੇ ਅਰਥ ਵਿੱਚ ਆਉਂਦਾ ਹੈ। 'vit' ਅਗੇਤਰ ਆਉਣ ਨਾਲ ਅਰਥ ਹੋਵੇਗਾ- ਪਹਿਲੇ ਦੇ ਸਮਾਨ। ਉਦਾਹਰਣ ਵਜੋਂ- ਇੱਕ ਵਿਅਕਤੀ ਅੱਗ ਅਤੇ ਧੂੰਏ ਦੇ ਸੰਬੰਧ ਨੂੰ ਦੇਖਦਾ ਹੈ ਅਤੇ ਸਮਝ ਲੈਂਦਾ ਹੈ ਕਿ ਅੱਗ ਧੂੰਏ ਤੋਂ ਬਿਨਾਂ ਨਹੀਂ ਹੋ ਸਕਦੀ। ਜਦੋਂ ਉਹ ਵਿਅਕਤੀ ਕਿਤੇ ਵੀ ਸਿਰਫ ਧੂੰਏ ਨੂੰ ਵੇਖਦਾ ਹੈ ਤਾਂ ਉਸ ਤੋਂ ਉਹ ਸਹਿਜੇ ਹੀ ਅੱਗ ਦਾ ਅਨੁਮਾਨ ਕਰ ਲੈਂਦਾ ਹੈ। ਇੱਥੇ ਧੂੰਆ ਕਾਰਨ ਅਤੇ ਅੱਗ ਕਾਰਜ ਹੈ। "धूमेन हेतुना अग्नेरनुमानं भवति," ਇਹ ਦੋ ਪ੍ਰਕਾਰ ਦਾ ਹੁੰਦਾ ਹੈ- ਸਮਵਿਆਪੱਤਿਕ ਅਤੇ ਵਿਖਮਵਿਆਪੱਤਿਕ। ਜਿੱਥੇ ਕਾਰਨ ਨੂੰ ਕਾਰਜ ਨਾਲ ਬਦਲਿਆ ਜਾ ਸਕਦਾ ਹੈ, ਉਹ ਸਮਵਿਆਪੱਤਿਕ ਹੈ ਅਤੇ ਜਿੱਥੇ ਕਾਰਨ ਨੂੰ ਕਾਰਜ ਨਾਲ ਨਾ ਬਦਲਿਆ ਜਾ ਸਕੇ ਉਹ ਵਿਖਮਵਿਆਪੱਤਿਕ ਅਖਵਾਉਂਦਾ ਹੈ। ਉਦਾਹਰਣ ਵਜੋਂ- ਮਿੱਟੀ ਤੋਂ ਪੈਦਾ ਹੋਣ ਕਰਕੇ ਘੜਾ ਨਾਸ਼ਵਾਨ ਹੈ। ਦੂਜਾ ਵਾਕ- ਘੜਾ ਨਾਸ਼ਵਾਨ ਹੈ, ਕਿਉਂਕਿ ਇਹ ਮਿੱਟੀ ਤੋਂ ਪੈਦਾ ਹੁੰਦਾ ਹੈ। ਇੱਥੇ ਕਾਰਨ ਨੂੰ ਕਾਰਜ ਨਾਲ ਬਦਲਿਆ ਜਾ ਸਕਦਾ ਹੈ। ਪਰੰਤੂ, ਜਿੱਥੇ ਧੂੰਆਂ ਉੱਥੇ ਅੱਗ ਜਰੂਰ ਹੁੰਦੀ ਹੈ। ਇਸ ਨੂੰ ਕਾਰਜ ਨਾਲ ਬਦਲਿਆ ਨਹੀਂ ਜਾ ਸਕਦਾ। ਕਿਉਂਕਿ ਪਹਿਲਾਂ ਧੂੰਆਂ ਹੀ ਦਿਖਾਈ ਦਿੰਦਾ ਹੈ ਅੱਗ ਬਾਅਦ ਵਿੱਚ ਦਿਖਾਈ ਦਿੰਦੀ ਹੈ। ਇਸ ਲਈ ਇਹ ਵਿਖਮਵਿਆਪੱਤੀ ਹੈ।

2.2. **ਸ਼ੇਸ਼ਵਤ ਅਨੁਮਾਨ:** ਕਾਰਨ ਦੇ ਪਹਿਲਾਂ ਮੌਜੂਦ ਹੋਣ ਕਰਕੇ ਕਾਰਜ ਨੂੰ ਸ਼ੇਸ਼ ਸਮਝਿਆ ਜਾਂਦਾ ਹੈ। ਇਸ ਲਈ ਸ਼ੇਸ਼ ਪਦ 'ਕਾਰਜ' ਦਾ ਬੋਧਕ ਹੈ। ਇਸਦਾ ਅਰਥ ਹੈ 'ਇਸ ਕਾਰਜ ਦਾ ਉਹ ਕਾਰਨ ਹੋਵੇਗਾ' ਭਾਵ ਜਿੱਥੇ ਕਾਰਜ ਤੋਂ ਕਾਰਨ ਦਾ ਅਨੁਮਾਨ ਕੀਤਾ ਜਾਵੇ। ਅਨੁਮਾਨ ਦੇ ਇਸ ਪ੍ਰਕਾਰ ਨੂੰ ਸ਼ੇਸ਼ਵਤ ਅਨੁਮਾਨ ਕਿਹਾ ਜਾਂਦਾ ਹੈ। ਉਦਾਹਰਣ ਵਜੋਂ- ਨਹਿਰ ਵਿੱਚ ਪਾਣੀ ਜਦੋਂ ਮਿੱਟੀ, ਪੱਤੇ, ਟਹਿਣੀਆਂ ਅਤੇ ਘਾਹ-ਫੂਸ ਆਪਣੇ ਨਾਲ ਲੈ ਕੇ ਆਉਂਦਾ ਹੈ ਤਾਂ ਅਨੁਮਾਨ ਕੀਤਾ ਜਾਂਦਾ ਹੈ ਕਿ ਉੱਪਰ ਪਹਾੜਾਂ ਵਿੱਚ ਤੇਜ ਮੀਂਹ ਪਿਆ ਹੋਵੇਗਾ। ਇਸੇ ਕਾਰਨ ਪਾਣੀ ਇੰਨਾ ਗੰਧਲਾ ਤੇ ਕੱਖ-ਕੰਡ ਨਾਲ ਭਰਿਆ ਹੋਇਆ ਹੈ। ਇਹ ਸ਼ੇਸ਼ਵਤ ਅਨੁਮਾਨ ਦਾ ਉਦਾਹਰਣ ਹੈ। ਸ਼ੇਸ਼ਵਤ ਅਨੁਮਾਨ ਦਾ ਇੱਕ ਹੋਰ ਪ੍ਰਕਾਰ ਨਾਲ ਵੀ ਅਰਥ ਕੀਤਾ ਮਿਲਦਾ ਹੈ। ਸ਼ੇਸ਼ਵਤ ਪਦ ਦਾ ਅਰਥ ਹੈ 'ਬਚਿਆ ਹੋਇਆ'। ਕਿਸੇ ਪਦਾਰਥ ਦੇ ਸਰੂਪ ਦਾ ਨਿਰਣਾ ਕਰਨ ਲਈ ਉਸਦੇ ਤੱਤਾਂ (ਬਣਤਰ) ਨੂੰ ਸਮਝਿਆ ਜਾਂਦਾ ਹੈ। ਉਸਦੀ ਬਣਤਰ ਅੰਦਰ ਜੋ ਤੱਤ ਬਾਕੀ ਬੱਚ ਜਾਂਦਾ ਹੈ ਉਹੀ ਸਰੂਪ ਉਸ ਪਦਾਰਥ ਦਾ ਸਮਝ ਲਿਆ ਜਾਂਦਾ ਹੈ। ਉਦਾਹਰਣ ਵਜੋਂ- ਮੰਨ ਲਉ ਇੱਕ ਵਿਅਕਤੀ ਖ਼ੂਨ ਟੈਸਟ ਕਰਵਾਉਣ ਜਾਂਦਾ ਹੈ। ਹੁਣ ਟੈਸਟ ਕਰਨ ਵਾਲਾ ਵਿਅਕਤੀ ਨਹੀਂ ਜਾਣਦਾ ਤੁਹਾਡਾ ਬਲੱਡ ਗਰੁੱਪ ਕਿਹੜਾ ਹੈ ਫਿਰ ਤੁਹਾਡੇ ਖ਼ੂਨ ਦਾ ਸੈਂਪਲ ਲੈ ਕੇ ਉਸ ਨੂੰ ਇੱਕ ਪਲੇਟ ਵਿੱਚ ਪਾਇਆ ਜਾਂਦਾ ਹੈ, ਜਿਸ ਵਿੱਚ ਖ਼ੂਨ ਨੂੰ ਕਈ ਭਾਗਾਂ ਵਿੱਚ ਵੰਡ ਕੇ ਉਸ ਵਿੱਚ ਕੈਮੀਕਲ ਮਿਲਾ ਦਿੱਤਾ ਜਾਂਦਾ ਹੈ। ਇਸ ਟੈਸਟ ਵਿੱਚ ਸਿਰਫ ਇੱਕ ਗਰੁੱਪ ਦਾ ਖ਼ੂਨ ਬੱਚਦਾ ਹੈ, ਬਾਕੀ ਗਰੁੱਪਾਂ ਦਾ ਖ਼ੂਨ ਖਰਾਬ ਹੋ ਜਾਂਦਾ ਹੈ। ਇਸ ਤਰ੍ਹਾਂ ਜੋ ਖ਼ੂਨ ਬੱਚਦਾ ਹੈ ਉਹੀ ਸਾਡਾ ਬਲੱਡ ਗਰੁੱਪ ਹੁੰਦਾ ਹੈ। ਇਹ ਸ਼ੇਸ਼ਵਤ ਅਨੁਮਾਨ ਦੀ ਦੂਜੀ ਉਦਾਹਰਣ ਹੈ।

2.3. **ਸਾਮਾਨਯਤੋਦ੍ਰਿਸ਼ਟ ਅਨੁਮਾਨ:** ਇਸ ਪਦ ਦੇ ਅੰਸ਼ ਸਾਮਾਨ ਪਦ ਦਾ ਅਰਥ 'ਇੱਕ' ਹੈ। ਸਵਾਰਥ ਵਿੱਚ ':ਯਞ੍' ਅਤੇ ਸਾਰਵ ਵਿਭਕਤੀ 'tis' ਅਗੇਤਰ ਲਾਉਣ ਤੇ 'ਸਾਮਾਨਯਤਹ੍' ਸ਼ਬਦ ਸੰਪੂਰਨ ਹੁੰਦਾ ਹੈ। ਇਸਦਾ ਅਰਥ ਬਣਦਾ ਹੈ- ਸਾਮਾਨ ਦ੍ਰਿਸ਼ਟੀ। ਕਿਸੀ ਦੂਜੀ ਥਾਂ ਦਾ ਸਾਮਾਨ ਗੁਣਾਂ (ਧਰਮਾਂ) ਵਾਲਾ ਵਿਅਕਤੀ/ਪਦਾਰਥ ਜਦੋਂ ਵਰਤਮਾਨ ਵਿੱਚ ਕਿਸੇ ਹੋਰ ਥਾਂ ਤੇ ਅਦ੍ਰਿਸ਼ਟ ਅਰਥਾਂ ਦਾ ਅਨੁਮਾਨ ਕਰਵਾਉਂਦਾ ਹੈ ਜਾਂ ਜਦੋਂ ਕਾਰਨ-ਕਾਰਜ ਦਾ ਪਹਿਲਾਂ ਪ੍ਰਤੱਖ ਹੋ ਚੁੱਕਿਆ ਹੋਵੇ। ਸਮਾਂ ਪਾ ਕੇ ਦੁਬਾਰਾ ਉਸੇ ਦਾ ਪ੍ਰਤੱਖ ਹੁੰਦਾ ਹੈ ਤਾਂ, ਉਹ ਸਾਮਾਨਯਤੋਦ੍ਰਿਸ਼ਟ ਨਾਮਕ ਤੀਜਾ ਅਨੁਮਾਨ ਹੈ। ਉਦਾਹਰਣ

ਵਜੋਂ- ਇਸ ਵਿਅਕਤੀ ਨੂੰ ਮੈਂ ਸ੍ਰੀਨਗਰ ਦੇਖਿਆ ਸੀ, ਅੱਜ ਇਹ ਦਿੱਲੀ ਵਿੱਚ ਘੁੰਮ ਰਿਹਾ ਹੈ। ਵਿਅਕਤੀ ਦਾ ਸ੍ਰੀਨਗਰ ਤੋਂ ਦਿੱਲੀ ਤੱਕ ਦਾ ਸਫ਼ਰ ਸਾਡੇ ਲਈ ਉਸਦੀ ਅਦ੍ਰਿਸ਼ਟ ਯਾਤਰਾ ਦਾ ਸੂਚਕ ਹੈ। ਸਮੇਂ ਦੇ ਬੀਤਣ ਨਾਲ ਇੱਕ ਥਾਂ ਤੋਂ ਦੂਸਰੀ ਥਾਂ ਅੰਦਰ ਕਿਸੇ ਵਿਅਕਤੀ/ਪਦਾਰਥ ਦਾ ਦਿਖਾਈ ਦੇਣਾ ਉਸਦੀ ਯਾਤਰਾ ਜਾਂ ਗਤੀ ਦਾ ਅਨੁਮਾਨ ਕਰਵਾਉਂਦਾ ਹੈ। ਜਿਸ ਨੂੰ ਅਸੀਂ ਦੇਖਿਆ ਨਹੀਂ ਹੁੰਦਾ। ਇੱਕ ਹੋਰ ਉਦਾਹਰਣ ਦੇਖੋ:- ਸਵੇਰੇ ਸੂਰਜ ਪੂਰਬ ਵਿੱਚ ਸੀ, ਦੁਪਹਿਰ ਨੂੰ ਸਿਰ ਤੇ ਅਤੇ ਸ਼ਾਮ ਨੂੰ ਪੱਛਮ ਵਿੱਚ। ਇੱਕ ਹੀ ਸੂਰਜ ਦੀ ਇਹ ਵੱਖੋ-ਵੱਖਰੀ ਸਥਿਤੀ ਸਾਧਾਰਨ ਮਨੁੱਖ ਨੂੰ ਉਸਦੀ ਗਤੀ ਦਾ ਅਹਿਸਾਸ ਕਰਵਾਉਂਦੀ ਹੈ। ਸੂਰਜ ਦੀ ਗਤੀ ਦਿਖਾਈ ਨਹੀਂ ਦਿੰਦੀ, ਵਾਤਸਾਯਨ ਨੇ ਇਹ ਉਦਾਹਰਣ ਸਾਧਾਰਨ ਲੋਕ ਵਿਵਹਾਰ ਦੇ ਆਧਾਰ ਤੇ ਪੇਸ਼ ਕੀਤੀ ਹੈ। ਸਾਮਾਨਯਤੋਦ੍ਰਿਸ਼ਟ ਦਾ ਵੀ ਇੱਕ ਹੋਰ ਅਰਥ ਉਪਲੱਬਧ ਹੁੰਦਾ ਹੈ।

ਪਿੱਛੇ ਇਸ ਅਨੁਮਾਨ ਦਾ ਲੱਛਣ ਦੱਸਿਆ ਹੈ ਕਿ, ਜਦੋਂ ਕਾਰਨ-ਕਾਰਜ ਦਾ ਪਹਿਲਾਂ ਪ੍ਰਤੱਖ ਹੋ ਚੁੱਕਿਆ ਹੋਵੇ। ਸਮਾਂ ਪਾ ਕੇ ਦੁਬਾਰਾ ਉਸੇ ਦਾ ਪ੍ਰਤੱਖ ਹੋਣਾ, ਸਾਮਾਨਯਤੋਦ੍ਰਿਸ਼ਟ ਹੈ। ਪਰੰਤੂ, ਕੁੱਝ ਪ੍ਰਸੰਗ ਅਜਿਹੇ ਹੁੰਦੇ ਹਨ, ਜਿੱਥੇ ਕਾਰਨ-ਕਾਰਜ ਸੰਬੰਧ ਦਾ ਪ੍ਰਤੱਖ ਨਹੀਂ ਹੁੰਦਾ। ਉੱਥੇ ਕਿਸੇ ਸਾਮਾਨ ਗੁਣਾਂ ਵਾਲੇ ਪਰ ਕਿਸੇ ਹੋਰ ਪਦਾਰਥ/ਵਿਅਕਤੀ ਦੇ ਅਦ੍ਰਿਸ਼ਟ ਅਰਥ ਦਾ ਗਿਆਨ ਪ੍ਰਾਪਤ ਹੁੰਦਾ ਹੈ। ਅਜਿਹਾ ਗਿਆਨ ਵੀ ਸਾਮਾਨਯਤੋਦ੍ਰਿਸ਼ਟ ਹੀ ਕਿਹਾ ਜਾਂਦਾ ਹੈ। ਉਦਾਹਰਣ ਵਜੋਂ:- ਤੇਰੇ ਗੱਲ ਕਰਨ ਦਾ ਅੰਦਾਜ ਬਿਲਕੁੱਲ ਮੇਰੇ ਭਰਾ ਵਰਗਾ ਹੈ। ਇੱਥੇ ਸਾਮ੍ਹਣੇ ਵਾਲਾ ਵਿਅਕਤੀ ਭਰਾ ਨਹੀਂ ਹੈ ਪਰ ਉਸਦੇ ਗੁਣ ਕਰਤਾ ਦੇ ਭਰਾ ਨਾਲ ਮਿਲਦੇ ਹਨ। ਕਰਤਾ ਦਾ ਭਰਾ ਅਤੇ ਉਸ ਨਾਲ ਗੱਲ ਕਰਨ ਵਾਲਾ ਵਿਅਕਤੀ ਦੋਵੇਂ ਵੱਖੋ-ਵੱਖ ਹਨ ਪਰ ਦੋਹਾਂ ਵਿੱਚ ਗੁਣ ਉਹੀ ਹਨ। ਇਹ ਵੀ ਸਾਮਾਨਯਤੋਦ੍ਰਿਸ਼ਟ ਦੇ ਅੰਤਰਗਤ ਹੀ ਆਉਂਦਾ ਹੈ।

ਨਿਆਇ ਸੂਤਰਾਂ ਅੰਦਰ ਗੌਤਮ ਨੇ ਇਨ੍ਹਾਂ ਤਿੰਨਾਂ ਅਨੁਮਾਨਾਂ ਦਾ ਹੀ ਜ਼ਿਕਰ ਕੀਤਾ ਹੈ। ਪਰੰਤੂ, ਅਨੁਮਾਨ ਦੀ ਹੋਰ ਪ੍ਰਕਾਰ ਦੀ ਵਰਗ ਵੰਡ ਵੀ ਪ੍ਰਾਪਤ ਹੁੰਦੀ ਹੈ। ਨਵ-ਨਿਆਇ ਦੀ ਪਰੰਪਰਾ ਵਿੱਚ ਪੂਰਵਵਤ ਪਦ ਦੀ ਥਾਂ ਕੇਵਲਅਨਵਯ ਅਨੁਮਾਨ, ਸ਼ੇਸ਼ਵਤ ਦੀ ਥਾਂ ਕੇਵਲਵਯਤੀਰੇਕੀ ਅਨੁਮਾਨ ਅਤੇ ਸਾਮਾਨਯਤੋਦ੍ਰਿਸ਼ਟ ਦੀ ਥਾਂ ਅਨਵਯਵਿਅਤੀਰੇਕੀ ਦਾ ਪ੍ਰਯੋਗ ਕੀਤਾ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਇੱਕ ਪ੍ਰਕਾਰ ਵੰਡ ਹੋਰ ਵੀ ਹੈ:-

ਸਵਾਰਥ ਅਨੁਮਾਨ ਅਤੇ ਪਰਾਰਥ ਅਨੁਮਾਨ। ਜਦੋਂ ਅਨੁਮਾਨ ਦੀ ਵਰਤੋਂ ਆਪਣੇ ਨਿੱਜ ਲਈ ਕੀਤੀ ਜਾਵੇ ਤਾਂ ਸਵਾਰਥ ਅਨੁਮਾਨ ਹੁੰਦਾ ਹੈ। ਜੇਕਰ ਅਨੁਮਾਨ ਦਾ ਪ੍ਰਯੋਜਨ ਕੋਈ ਹੋਰ ਵਿਅਕਤੀ ਹੋਵੇ ਤਾਂ ਉਹ ਪਰਾਰਥ ਅਨੁਮਾਨ ਅਖਵਾਉਂਦਾ ਹੈ। ਸਵਾਰਥ ਅਨੁਮਾਨ ਲਈ ਵਾਕ ਦੇ ਪ੍ਰਯੋਗ ਦੀ ਜਰੂਰਤ ਨਹੀਂ ਪੈਂਦੀ ਪਰੰਤੂ ਜੇਕਰ ਕਿਸੇ ਦੂਸਰੇ ਵਿਅਕਤੀ ਲਈ ਅਨੁਮਾਨ ਦਾ ਪ੍ਰਯੋਗ ਕੀਤਾ ਜਾਵੇ ਤਾਂ ਪਰਾਰਥ ਅਨੁਮਾਨ ਹੋ ਜਾਣ ਕਰਕੇ ਪੰਜ ਪ੍ਰਕਾਰ ਦੇ ਵਾਕਾਂ ਦਾ ਪ੍ਰਯੋਗ ਕਰਨਾ ਜਰੂਰੀ ਹੋ ਜਾਂਦਾ ਹੈ।

**ਅਨੁਮਾਨ ਦੇ ਪੰਜ ਭਾਗ (ਅਵਯਵ ਵਾਕ):** ਪਰਾਰਥ ਅਨੁਮਾਨ ਪੰਜ ਪ੍ਰਕਾਰ ਦੇ ਵਾਕਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਇਨ੍ਹਾਂ ਦੇ ਨਾਮ ਹਨ- ਪ੍ਰਤਿੱਗਯਾ, ਹੇਤੂ, ਉਦਾਹਰਣ, ਉਪਨਯ ਅਤੇ ਨਿਗਮਨ। ਇਨ੍ਹਾਂ ਪੰਜਾਂ ਵਾਕਾਂ ਦਾ ਪ੍ਰਯੋਗ ਇਸ ਪ੍ਰਕਾਰ ਕੀਤਾ ਜਾਂਦਾ ਹੈ-

1. ਪ੍ਰਤਿੱਗਯਾ - ਰਾਮ ਮਰਣਸ਼ੀਲ ਹੈ।
2. ਹੇਤੂ - ਕਿਉਂਕਿ ਉਹ ਮਨੁੱਖ ਹੈ।
3. ਉਦਾਹਰਣ - ਜਿੰਨੇ ਵੀ ਮਨੁੱਖ ਹਨ, ਸਾਰੇ ਮਰਣਸ਼ੀਲ ਹਨ। ਜਿਵੇਂ:- ਰਾਮ, ਸ਼ਾਮ, ਮੋਹਨ ਆਦਿਕ।
4. ਉਪਨਯ - ਰਾਮ ਵੀ ਅਜਿਹਾ ਹੀ ਇੱਕ ਮਨੁੱਖ ਹੈ।
5. ਨਿਗਮਨ - ਸੋ, ਰਾਮ ਵੀ ਮਰਣਸ਼ੀਲ ਹੈ।

ਪ੍ਰਤਿੱਗਯਾ, ਪਹਿਲਾ ਵਾਕ ਹੈ ਜੋ ਸਿੱਧ ਕਰਨ ਵਾਲੀ ਵਸਤੂ ਦਾ ਨਿਰਦੇਸ਼ ਕਰਦਾ ਹੈ। ਹੇਤੂ, ਦੂਜਾ ਵਾਕ ਹੈ ਜੋ ਅਨੁਮਾਨ ਨੂੰ ਸਿੱਧ ਕਰਨ ਵਾਲੇ ਕਾਰਨ ਦਾ ਨਿਰਦੇਸ਼ ਕਰਦਾ ਹੈ। ਤੀਸਰਾ ਵਾਕ ਉਦਾਹਰਣ ਅਖਵਾਉਂਦਾ ਹੈ। ਇਸਦੇ ਅੰਦਰ ਉਦਾਹਰਣ ਸਹਿਤ ਹੇਤੂ ਅਤੇ ਕਾਰਨ ਦੇ ਨਿਸ਼ਚਿਤ ਸਹਚਾਰੀ ਨਿਯਮਾਂ ਦਾ ਉਲੇਖ ਕੀਤਾ ਜਾਂਦਾ ਹੈ। ਚੌਥਾ ਵਾਕ ਉਪਨਯ ਹੈ, ਜਿਸ ਵਿੱਚ ਕਾਰਨ-ਕਾਰਜ ਦੇ ਪਰਸਪਰ ਸੰਬੰਧਾਂ ਦੇ ਵਿਸ਼ੇਸ਼ ਪੱਖਾਂ ਦਾ ਗਿਆਨ ਹੁੰਦਾ ਹੈ। ਇੰਨਾਂ ਹੋਣ ਤੇ ਅਨੁਮਾਨ ਦੁਆਰਾ ਪ੍ਰਤਿੱਗਯਾ ਦੀ ਸਿੱਧੀ ਹੋ ਜਾਂਦੀ ਹੈ, ਇਹੀ ਨਿਗਮਨ ਅਖਵਾਉਂਦੀ ਹੈ।

3. **ਉਪਮਾਨ ਪ੍ਰਮਾਣ:** ਨਿਆਇ ਸੂਤਰਾਂ ਅੰਦਰ ਤੀਜਾ ਪ੍ਰਮਾਣ ਉਪਮਾਨ ਪ੍ਰਮਾਣ ਹੈ। ਗੌਤਮ ਨੇ ਸੂਤਰਾਂ ਅੰਦਰ ਉਪਮਾਨ ਦਾ ਨਿਰਦੇਸ਼ ਇੰਝ ਕੀਤਾ ਹੈ:-

प्रसिद्धसाधर्म्यात् साध्यसाधनमुपमानम् ॥[vi]

ਜਿਸ ਵਸਤੂ ਦਾ ਗਿਆਨ ਪਹਿਲਾਂ ਤੋਂ ਹੋਵੇ, ਉਸਦੇ ਨਾਲ ਮਿਲਦੇ-ਜੁਲਦੇ ਗੁਣਾਂ ਵਾਲੀ ਕਿਸੀ ਨਵੀਂ ਵਸਤੂ ਦਾ ਗਿਆਨ ਹੋ ਜਾਣਾ ਉਪਮਾਨ ਪ੍ਰਮਾਣ ਹੈ। ਇਸ ਨੂੰ ਉਦਾਹਰਣ ਰਾਹੀਂ ਸਪੱਸ਼ਟ ਕਰਦੇ ਹਾਂ- ਮੰਨ ਲਉ ਇੱਕ ਵੈਦ ਆਪਣੇ ਚੇਲੇ ਨੂੰ ਬਾਗ ਵਿੱਚੋਂ ਤੁੰਮਾ ਲਿਆਉਣ ਲਈ ਆਖਦਾ ਹੈ। ਚੇਲੇ ਨੂੰ ਤੁੰਮੇ ਦੀ ਪਛਾਣ ਨਹੀਂ ਹੈ, ਵੈਦ ਉਸਨੂੰ ਦੱਸਦਾ ਹੈ ਕਿ, ਬਾਗ ਵਿੱਚ ਇੱਕ ਵੇਲ ਨਾਲ ਤੈਨੂੰ ਖਰਬੂਜੇ ਲਟਕਦੇ ਦਿਖਾਈ ਦੇਣਗੇ। ਬਸ, ਉਹ ਖਰਬੂਜੇ ਨਹੀਂ ਤੁੰਮੇ ਹੀ ਹਨ ਕਿਉਂਕਿ ਬਾਹਰੋਂ ਦੇਖਣ ਤੇ ਖਰਬੂਜਾ ਤੇ ਤੁੰਮਾ ਇੱਕੋ ਜਿਹੇ ਦਿਖਾਈ ਦਿੰਦੇ ਹਨ। ਚੇਲਾ ਬਾਗ ਵਿੱਚ ਖਰਬੂਜੇ ਲਟਕਦੇ ਦੇਖ ਸਮਝ ਜਾਂਦਾ ਹੈ ਕਿ ਇਹ ਖਰਬੂਜਾ ਨਹੀਂ ਤੁੰਮਾ ਹੈ ਅਤੇ ਉਸ ਨੂੰ ਲੈ ਕੇ ਵੈਦ ਕੋਲ ਪਹੁੰਚ ਜਾਂਦਾ ਹੈ। ਇਸ ਪ੍ਰਕਾਰ ਖਰਬੂਜੇ ਦੀ ਸ਼ਕਲ ਤੋਂ ਤੁੰਮੇ ਦਾ ਗਿਆਨ ਹੋ ਜਾਂਦਾ ਹੈ, ਜਿਸ ਬਾਰੇ ਪਹਿਲਾਂ ਕੋਈ ਗਿਆਨ ਚੇਲੇ ਨੂੰ ਨਹੀਂ ਸੀ। ਇਸ ਨੂੰ ਹੀ ਉਪਮਾਨ ਪ੍ਰਮਾਣ ਆਖਦੇ ਹਨ। ਇੱਕੋ ਜਿਹੇ ਗੁਣਾਂ ਦੇ ਧਾਰਣੀ ਦੋ ਵੱਖ-ਵੱਖ ਪਦਾਰਥ, ਜਿਨ੍ਹਾਂ ਵਿੱਚੋਂ ਇੱਕ ਨੂੰ ਜਾਣਿਆਂ ਦੂਜੇ ਦਾ ਅਨੁਮਾਨ ਹੋ ਜਾਵੇ, ਉਪਮਾਨ ਪ੍ਰਮਾਣ ਦੇ ਅੰਤਰਗਤ ਆਉਂਦੇ ਹਨ। ਇਸ ਪ੍ਰਕਾਰ ਦੇ ਉਦਾਹਰਣ ਸਾਧਾਰਨ ਜਿੰਦਗੀ ਵਿੱਚ ਵੀ ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ।

ਉਪਮਾਨ ਨੂੰ ਪ੍ਰਮਾਣ ਮੰਨਣ ਵਿੱਚ ਦਾਰਸ਼ਨਿਕਾਂ ਦੇ ਬੜੇ ਮੱਤਭੇਦ ਹਨ। ਚਾਰਵਾਕ ਤਾਂ ਉਪਮਾਨ ਨੂੰ ਪ੍ਰਮਾਣ ਸਵੀਕਾਰ ਹੀ ਨਹੀਂ ਕਰਦਾ। ਦਿਙਨਾਗ ਉਪਮਾਨ ਨੂੰ ਪ੍ਰਤੱਖ ਦੇ ਅੰਤਰਗਤ ਮੰਨਦਾ ਹੈ। ਵੈਸ਼ੇਸ਼ਿਕ ਇਸ ਨੂੰ ਅਨੁਮਾਨ ਦੇ ਅੰਤਰਗਤ ਮੰਨਦੇ ਹਨ। ਸਾਂਖ ਉਪਮਾਨ ਨੂੰ ਪ੍ਰਤੱਖ ਅਤੇ ਸ਼ਬਦ ਦੀ ਅੰਸ਼ਿਕੀ ਸਥਿਤੀ ਮੰਨਦਾ ਹੈ। ਮੀਮਾਂਸਾ ਅਤੇ ਵੇਦਾਂਤ ਉਪਮਾਨ ਨੂੰ ਸੁਤੰਤਰ ਮੰਨਦੇ ਹਨ ਪਰ ਉਨ੍ਹਾਂ ਦੀ ਕਲਪਨਾ ਨਿਆਇ ਤੋਂ ਭਿੰਨ ਹੈ। ਇਨ੍ਹਾਂ ਸਾਰਿਆਂ ਵਿਚਕਾਰ ਨਿਆਇ ਦਰਸ਼ਨ ਉਪਮਾਨ ਨੂੰ ਇੱਕ ਸੁਤੰਤਰ ਪ੍ਰਮਾਣ ਦੇ ਰੂਪ ਵਜੋਂ ਸਥਾਪਿਤ ਕਰਦਾ ਹੈ।

4. **ਸ਼ਬਦ ਪ੍ਰਮਾਣ:** ਸ਼ਬਦ ਪ੍ਰਮਾਣ, ਆਖਰੀ ਪ੍ਰਮਾਣ ਹੈ। ਨਿਆਇ ਸੂਤਰਾਂ ਅੰਦਰ ਇਸਦਾ ਨਿਰਦੇਸ਼ ਗੌਤਮ ਨੇ ਇੰਝ ਕੀਤਾ ਹੈ:-

"आप्तोपदेशः शब्दः ॥7."[vii]

ਕਿਸੀ ਆਪੱਤ ਪੁਰਸ਼ ਦੇ ਉਪਦੇਸ਼ ਨੂੰ ਸ਼ਬਦ ਆਖਦੇ ਹਨ। ਆਪੱਤ ਸ਼ਬਦ 'आप्लृ व्याप्तौ' ਧਾਤੂ ਨਾਲ ਸੰਪੂਰਨ ਹੁੰਦਾ ਹੈ, ਇਸਦਾ ਭਾਵ ਹੈ- ਪੂਰਨ ਜਾਣਕਾਰੀ। ਆਪੱਤ

ਉਹ ਅਖਵਾਉਂਦਾ ਹੈ, ਜੋ ਕਿਸੀ ਵਸਤੂ ਦੇ ਯਥਾਰਥ ਨੂੰ ਜਾਣਦਾ ਹੋਵੇ। ਅਜਿਹਾ ਮਨੁੱਖ ਜਦੋਂ ਉਹ ਗਿਆਨ ਕਿਸੇ ਦੂਜੇ ਨੂੰ ਦਿੰਦਾ ਹੈ ਤਾਂ ਉਹ ਉਪਦੇਸ਼ਕ ਹੁੰਦਾ ਹੈ। ਆਪੱਤ ਉਹ ਵਿਅਕਤੀ ਹੁੰਦੇ ਹਨ, ਜੋ ਸੱਚ ਨਾਲ ਜੁੜੇ ਹੋਏ ਹੋਣ ਜਾਂ ਜਿਨ੍ਹਾਂ ਨੂੰ ਗੂੜ੍ਹ ਗਿਆਨ ਦੀ ਪ੍ਰਾਪਤੀ ਹੋਵੇ। ਅਜਿਹੇ ਵਿਅਕਤੀ ਜਿਨ੍ਹਾਂ ਦੀ ਕਹੀ ਗੱਲ ਨੂੰ ਹਰ ਕੋਈ ਪ੍ਰਮਾਣਿਕ ਅਤੇ ਸੱਚ ਮੰਨਦਾ ਹੋਵੇ। ਇਹ ਲੱਛਣ ਪੁਰਾਤਨ ਰਿਸ਼ੀਆਂ, ਉੱਤਮ ਵਿਦਵਾਨਾਂ ਅਤੇ ਗੁਰੂਆਂ ਆਦਿਕ ਦੇ ਹੁੰਦੇ ਹਨ। ਉਨ੍ਹਾਂ ਦੇ ਕਹੇ ਵਾਕ ਸੱਚੇ ਹੀ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਪ੍ਰਮਾਣ ਵਜੋਂ ਵੀ ਕੀਤੀ ਜਾਂਦੀ ਹੈ। ਜਿਸ ਵਿਸ਼ੇ ਬਾਰੇ ਉਹ ਉਪਦੇਸ਼ ਜਾਂ ਕਥਨ ਕਰਦੇ ਹਨ, ਉਨ੍ਹਾਂ ਦੇ ਉਪਦੇਸ਼ ਨੂੰ ਹੀ ਸ਼ਬਦ ਪ੍ਰਮਾਣ ਸਵੀਕਾਰ ਕੀਤਾ ਜਾਂਦਾ ਹੈ। ਸੰਸਾਰ ਦੇ ਸਾਰੇ ਵਿਹਾਰ ਇਨ੍ਹਾਂ ਪ੍ਰਮਾਣਾਂ ਦੇ ਆਧਾਰ ਤੇ ਹੀ ਚੱਲਦੇ ਹਨ। ਸ਼ਬਦ ਪ੍ਰਮਾਣ ਦੇ ਦੋ ਭੇਦ ਸੂਤਰਕਾਰ ਨੇ ਦੱਸੇ ਹਨ- ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਅਤੇ ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ।

ਫ਼ਿਵਿਧੋ ਦ੍ਰਸ਼੍ਟਾऽਦ੍ਰਸ਼੍ਟਾਰ੍ਥਤ੍ਵਾਤ! 8.”viii

4.1. **ਦ੍ਰਿਸ਼ਟਾਰਥ ਸ਼ਬਦ ਪ੍ਰਮਾਣ:** ਸ਼ਬਦ ਪ੍ਰਮਾਣ ਤੋਂ ਜਾਣੇ ਗਏ ਜਿਸ ਅਰਥ ਨੂੰ ਇਹ ਸ਼ਰੀਰ ਨਾਲ ਰਹਿੰਦੇ ਜਾਂ ਕਹਿ ਲਵੋ ਇਸੇ ਜੀਵਨ ਵਿੱਚ ਜਾਣਿਆ ਜਾ ਸਕੇ, ਉਹ ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਹੈ। ਇਸ ਦਾ ਭਾਵ ਹੈ ਸ਼ਬਦ ਪ੍ਰਮਾਣ ਤੋਂ ਪ੍ਰਾਪਤ ਹੋਏ ਗਿਆਨ ਨੂੰ ਜੇਕਰ ਪ੍ਰਤੱਖ ਪ੍ਰਮਾਣ ਦੁਆਰਾ ਵੀ ਜਾਣਿਆ ਜਾ ਸਕੇ, ਉਹ ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਹੈ। ਉਦਾਹਰਣ ਵਜੋਂ- ਇੱਕ ਵਿਅਕਤੀ ਦੂਜੇ ਵਿਅਕਤੀ ਨੂੰ ਆਖਦਾ ਹੈ ਕਿ, ਸਾਮ੍ਹਣੇ ਬਾਗ ਵਿੱਚ ਮੈਂ ਪੰਜ ਅਨਾਰਾਂ ਦੇ ਬੂਟੇ ਦੇਖੇ ਹਨ। ਹੁਣ ਕਹਿਣ ਵਾਲਾ ਵਿਅਕਤੀ ਆਪੱਤ ਹੈ, ਜਿਸ ਅਨਾਰਾਂ ਦੇ ਬੂਟੇ ਦੇਖੇ ਹਨ। ਜਦੋਂ ਦੂਜਾ ਵਿਅਕਤੀ ਉਸੇ ਬਾਗ ਵਿੱਚ ਜਾ ਕੇ ਵੇਖਦਾ ਹੈ ਤਾਂ ਉਸ ਨੂੰ ਵੀ ਉਹ ਬੂਟੇ ਮਿਲ ਜਾਂਦੇ ਹਨ। ਇਸ ਪ੍ਰਕਾਰ ਸ਼ਬਦ ਪ੍ਰਮਾਣ ਨੂੰ ਜਦੋਂ ਪ੍ਰਤੱਖ ਪ੍ਰਮਾਣ ਦੁਆਰਾ ਵੀ ਜਾਣਿਆ ਜਾ ਸਕੇ, ਵਕਤਾ ਦਾ ਅਜਿਹਾ ਵਾਕ ਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਹੈ। ਲੋਕ ਵਿਵਹਾਰ ਵਿੱਚ ਅਜਿਹੇ ਉਦਾਹਰਣ ਆਮ ਮਿਲ ਜਾਂਦੇ ਹਨ।

4.2. **ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ:** ਕਿਸੇ ਹੋਰ ਪ੍ਰਮਾਣ ਤੋਂ ਬਿਨਾਂ ਜੋ ਅਰਥ ਕੇਵਲ ਸ਼ਬਦ ਪ੍ਰਮਾਣ ਦੁਆਰਾ ਹੀ ਜਾਣਿਆ ਜਾ ਸਕੇ, ਉਸ ਨੂੰ ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ

ਕਿਹਾ ਜਾਂਦਾ ਹੈ। ਇਹ ਸ਼ਬਦ ਪ੍ਰਮਾਣ ਦੋ ਕੋਟੀਆਂ ਵੈਦਿਕ ਅਤੇ ਲੌਕਿਕ ਵਾਕਾਂ ਦੇ ਆਧਾਰ ਉੱਪਰ ਹੈ। ਇਸਦੇ ਅੰਤਰਗਤ ਲੌਕਿਕ ਵਾਕ ਦ੍ਰਿਸ਼ਟਾਰਥ ਅਤੇ ਵੈਦਿਕ ਵਾਕ ਅਦ੍ਰਿਸ਼ਟਾਰਥ ਹੁੰਦੇ ਹਨ। ਗੁਰਬਾਣੀ ਦੇ ਵਾਕਾਂ ਨੂੰ ਵੀ ਅਸੀਂ ਦੋਵੇਂ ਕੋਟੀਆਂ ਦੇ ਅੰਤਰਗਤ ਮੰਨ ਸਕਦੇ ਹਾਂ। ਇਸੇ ਪ੍ਰਕਾਰ ਵੇਦਾਂ ਦੇ ਵਾਕ ਵੀ ਅਦ੍ਰਿਸ਼ਟਾਰਥ ਵਾਕਾਂ ਦੀ ਕੋਟੀ ਵਿੱਚ ਆਉਂਦੇ ਹਨ। ਉਦਾਹਰਣ ਵਜੋਂ- ਭਗਤੀ ਕਰਨ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਨੂੰ ਪ੍ਰਤੱਖ ਰਾਹੀਂ ਵੇਖਿਆ ਨਹੀਂ ਜਾ ਸਕਦਾ। ਪਰੰਤੂ, ਇਸ ਨੂੰ ਨਕਾਰਿਆ ਵੀ ਨਹੀਂ ਜਾ ਸਕਦਾ। ਇਸ ਕਰਕੇ ਇਹ ਅਦ੍ਰਿਸ਼ਟਾਰਥ ਸ਼ਬਦ ਪ੍ਰਮਾਣ ਦੀ ਕੋਟੀ ਵਿੱਚ ਆਉਂਦਾ ਹੈ। ਜਿਵੇਂ ਲੋਕ ਵਾਕਾਂ ਨੂੰ ਪ੍ਰਤੱਖ ਰਾਹੀਂ ਵੇਖਿਆ ਜਾ ਸਕਦਾ ਹੈ। ਇਸੇ ਪ੍ਰਕਾਰ ਵੈਦਿਕ ਵਾਕਾਂ ਨੂੰ ਵੀ ਅਨੁਮਾਨ ਰਾਹੀਂ ਜਾਣਿਆ ਜਾ ਸਕਦਾ ਹੈ। ਸੂਤਰਕਾਰ ਦਾ ਪ੍ਰਯੋਜਨ ਇਹ ਹੈ ਕਿ, ਸਿਰਫ ਦ੍ਰਿਸ਼ਟਾਰਥ ਸ਼ਬਦ ਨੂੰ ਹੀ ਪ੍ਰਮਾਣ ਸਵੀਕਾਰ ਨਾ ਕੀਤਾ ਜਾਵੇ, ਬਲਕਿ ਅਦ੍ਰਿਸ਼ਟਾਰਥ ਵੀ ਸ਼ਬਦ ਪ੍ਰਮਾਣ ਦੀ ਹੀ ਕੋਟੀ ਵਿੱਚ ਆਉਂਦਾ ਹੈ।

ਇੰਝ ਨਿਆਇ ਦਰਸ਼ਨ ਆਪਣੀ ਤਰਕ ਪੱਧਤੀ ਨੂੰ ਪੇਸ਼ ਕਰਨ ਲਈ ਚਾਰ ਪ੍ਰਕਾਰ ਦੇ ਪ੍ਰਮਾਣਾਂ ਦੀ ਵਰਤੋਂ ਕਰਦਾ ਹੋਇਆ, ਸਾਨੂੰ ਇਸ ਗੱਲ ਤੋਂ ਭਲੀ-ਭਾਂਤ ਜਾਣੂ ਕਰਵਾ ਦਿੰਦਾ ਹੈ ਕਿ, ਅੱਖਾਂ ਬੰਦ ਕਰ ਕੇ ਸ਼ਰਧਾ ਅਤੇ ਵਿਸ਼ਵਾਸ਼ ਦੇ ਨਾਮ ਤੇ ਲੁੱਟੇ ਜਾਣਾ ਨਾ ਹੀ ਤਾਂ ਧਰਮ ਹੈ ਅਤੇ ਨਾ ਹੀ ਧਰਮੀ ਦਾ ਅਜਿਹਾ ਕਰਮ ਹੋਣਾ ਚਾਹੀਦਾ ਹੈ। ਅੱਜ ਤੋਂ ਸਦੀਆਂ ਪਹਿਲਾਂ ਹਰ ਗੱਲ ਨੂੰ ਤਰਕ ਦੀ ਕਸਵੱਟੀ ਉੱਪਰ ਪਰਖ ਕੇ ਦੇਖਿਆ ਜਾਂਦਾ ਰਿਹਾ ਅਤੇ ਅੱਜ ਤਰਕ ਨੂੰ ਅਧਿਆਤਮਕ ਜੀਵਨ ਵਿੱਚ ਸਭ ਤੋਂ ਵੱਡੀ ਬਾਧਾ (ਰੋਕ) ਦੇ ਰੂਪ ਵਿੱਚ ਪੇਸ਼ ਕੀਤਾ ਜਾਣ ਲੱਗ ਪਿਆ ਹੈ। ਵਰਤਮਾਨ ਸਮੇਂ ਵਿੱਚ ਸਮਾਜ ਨੂੰ ਸ਼ਰਧਾ ਅਤੇ ਅੰਧ-ਭਗਤੀ ਦੇ ਰਾਹ ਉੱਪਰ ਤੋਰ ਕੇ ਸੱਚ ਤੋਂ ਦੂਰ ਕੀਤਾ ਜਾ ਰਿਹਾ ਹੈ। ਤਰਕ ਦੀ ਨਿੰਦਾ ਕਰਕੇ ਲੋਕਾਂ ਨੂੰ ਅੰਧ-ਵਿਸ਼ਵਾਸ਼ ਦੀ ਪੱਟੀ ਪੜ੍ਹਾਈ ਜਾ ਰਹੀ ਹੈ। ਹਾਲਾਂਕਿ ਭਾਰਤੀ ਸੰਸਕ੍ਰਿਤੀ ਖੁਦ ਤਰਕ ਦਾ ਸਹਾਰਾ ਲੈ ਕੇ ਲੋਕਾਂ ਨੂੰ ਸੱਚ ਅਤੇ ਝੂਠ ਤੋਂ ਵਾਕਿਫ ਹੋਣ ਦਾ ਮਾਰਗ ਸਮਝਾਉਂਦੀ ਹੈ। ਪਰੰਤੂ ਸਾਡੇ ਅਜੋਕੇ ਸਮਾਜ ਅਤੇ ਸ਼ਾਸਤ੍ਰੀਆਂ ਵੱਲੋਂ ਗਿਆਨ ਦੇ ਇਸ ਸੋਮੇ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ ਤਾਂ ਜੋ, ਧਰਮ ਦੇ ਨਾਮ ਉੱਪਰ ਆਪਣੀਆਂ ਦੁਕਾਨਦਾਰੀਆਂ ਚਲਾਈਆਂ ਜਾ ਸਕਣ। ਸਾਰਾ ਸ਼ਾਸਤਰ ਤਰਕ ਉੱਪਰ ਆਧਾਰਿਤ ਪੱਖਾਂ ਨੂੰ ਪੇਸ਼ ਕਰਦਾ ਹੋਇਆ, ਇਸ ਗੱਲ ਨੂੰ ਯਕੀਨੀ

ਬਣਾਉਂਦਾ ਹੈ ਕਿ ਬਿਨਾਂ ਤਰਕ ਤੋਂ ਕਿਸੇ ਵੀ ਪੱਖ ਜਾਂ ਤੱਥ ਨੂੰ ਪ੍ਰਵਾਨ ਨਾ ਕੀਤਾ ਜਾਵੇ। ਪਰੰਤੂ ਲੋਕਾਂ ਨੂੰ ਧਰਮ ਦੇ ਨਾਮ ਉੱਤੇ ਵੰਡ ਕੇ ਸਦੀਆਂ ਤੋਂ ਹੀ ਸਿਆਸਤ ਖੇਡੀ ਜਾਂਦੀ ਰਹੀ ਹੈ। ਲੋੜ ਹੈ ਧਰਮ ਅਤੇ ਗਿਆਨ ਦੀ ਇਸ ਪ੍ਰੰਪਰਾ ਨੂੰ ਸਮਝ ਕੇ ਅਤੇ ਉਸ ਤੋਂ ਸੇਧ ਲੈ ਕੇ ਚੱਲਿਆ ਜਾਵੇ ਤਾਂ ਜੋ ਦੰਭੀਆਂ ਦੇ ਪਾਜ ਉਘਾੜੇ ਜਾ ਸਕਣ।

---

[i] ਭਾਰਤੀ ਦਰਸ਼ਨ ਪੰਨਾ 178, ਬਲਦੇਵ ਉਪਾਧਿਆਇ।

[ii] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਫੁੱਟ ਨੋਟ 1, ਪੰਨਾ 7

[iii] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਅਧਿਆਇ 1, ਸੂਤਰ 3, ਪੰਨਾ: 12

[iv] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਅਧਿਆਇ 1, ਸੂਤਰ 4, ਪੰਨਾ: 14

[v] ਨਿਆਇਦਰਸ਼ਨਮ੍, ਆਚਾਰੀਯ ਉਦੈਵੀਰ ਸ਼ਾਸਤਰੀ, ਪੰਨਾ 17

[vi] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਅਧਿਆਇ 1, ਸੂਤਰ 6, ਪੰਨਾ: 33

[vii] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਅਧਿਆਇ 1, ਸੂਤਰ 7, ਪੰਨਾ: 34

[viii] ਆਚਾਰੀਯ ਉਦੈਵੀਰ ਸ਼ਾਸਤਰੀ, ਨਿਆਇਦਰਸ਼ਨਮ੍, ਅਧਿਆਇ 1, ਸੂਤਰ 8, ਪੰਨਾ: 35